Postal No. - G/CHD/0196/2021-2023
Regd No. 32212/78

# ਲੁਬਾਣਾ ਸੇਵਕ

ਅਪ੍ਰੈਲ 2022 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਖ਼ਾਲਸੇ ਦੀ ਸਿਰਜਣਾ



ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਅਰੰਭ ਹੋ ਗਈ ਸੀ। ਲਗਾਤਾਰ ਸੈਂਕੜੇ ਸਾਲ 10 ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ ਜੋਤ ਵਰਤਦੀ ਸੀ। ਉਨ੍ਹਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇੱਕ ਹੀ ਸੀ।

ਸਰਬੰਸਦਾਨੀ, ਸਾਹਿਬੇ ਕਮਾਲ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਵਿੱਤਰ ਉਦੇਸ਼ ਦੀ ਪੂਰਤੀ ਲਈ ਸੰਨ 1699 (1756 ਸੰਮਤ) ਵਿਸਾਖੀ ਵਾਲੇ ਦਿਨ ਖਾਲਸਾ ਧਰਮ ਦੀ ਨੀਂਹ ਰੱਖੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਰਿਹਾ ਹੈ। ਮਨੁੱਖਤਾ ਨੂੰ ਖਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ ਕਿਉਂਕਿ ਖਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਜਾਤ ਦਿਵਾਉਣ ਲਈ ਅਤੇ ਉਸ ਦੇ ਸਰਬ ਪੱਖੀ ਵਿਕਾਸ ਲਈ ਇਕ ਅਗੰਮੀ ਵਰਦਾਨ ਸੀ। ਇਕ ਨਵੇਂ ਸਜਰੇ ਜੀਵਨ ਦੀ ਸ਼ੁਰੂਆਤ ਸੀ। ਗੁਰੂ ਸਾਹਿਬ ਨੇ ਆਪਣੇ ਸਿੱਖਾਂ ਵਿਚੋਂ ਪੰਜ ਪਿਆਰੇ ਸਾਜੇ ਅਤੇ ਪੰਜ ਪਿਆਰਿਆਂ ਕੋਲੋਂ ਆਪ ਬੇਨਤੀ ਕਰਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣੇ।

**ਖਾਲਸਾ ਅਕਾਲ ਪੁਰਖ ਕੀ ਫੌਜ। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।**

**ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈਂ ਸਾਰਾ।**

ਇਸ ਮਹਾਨ ਕਾਰਜ ਦਾ ਮੁਖ ਮੰਤਵ ਅਜਿਹੇ ਤਿਆਗੀ ਸਿੱਖ ਯੋਧੇ ਪੈਦਾ ਕਰਨੇ ਸਨ ਜਿਨ੍ਹਾਂ ਦੇ ਮਨ ਅੰਦਰ ਸਦਾ ਕਰਤਾਰ ਦੀ ਯਾਦ ਰਹੇ, ਸੱਚ ਨਾਲ ਜੂਝਣ ਦਾ ਚਾਅ ਹੋਵੇ, ਮਨੁੱਖਤਾ ਲਈ ਹਮਦਰਦੀ, ਦੁਸ਼ਟਾਂ ਦਾ ਖਾਤਮਾ ਕਰਨ ਲਈ ਤੇਗ ਅਤੇ ਇਕ ਪ੍ਰਮਾਤਾਮਾ ਦੀ ਓਟ ਹੋਵੇ। ਇਸ ਨਾਲ ਉਨ੍ਹਾਂ ਨੇ ਸਦੀਆਂ ਤੋਂ ਚਲਦੇ ਆ ਰਹੇ ਜਬਰ ਜ਼ੁਲਮ ਖਿਲਾਫ ਸਮੇਂ ਦੇ ਹੁਕਮਰਾਨਾਂ ਨਾਲ ਟੱਕਰ ਲਈ ਅਤੇ ਹਿੰਦੂਆਂ ਮਜਲੂਮ ਦੇ ਹੱਕ ਦੀ ਰੱਖਿਆ ਕੀਤੀ। ਇਸ ਰਾਹੀਂ ਦਸਮ ਪਿਤਾ ਜੀ ਨੇ ਸਮੇਂ ਦੀ ਰਾਜਸੀ, ਸਮਾਜਿਕ ਤੇ ਧਾਰਮਿਕ ਪੜਚੋਲ ਤੋਂ ਪਿੱਛੋਂ ਖਾਲਸਾ ਪੰਥ ਦੀ ਸਿਰਜਨਾ ਕਰਕੇ ਇਕ ਕ੍ਰਾਂਤੀਕਾਰੀ ਸੰਦੇਸ਼ ਦਿੱਤਾ ਸੀ। ਗੁਲਾਮੀ ਦੀਆਂ ਜੰਜ਼ੀਰਾਂ ਤੋੜ ਕੇ ਦੁਸ਼ਟਾਂ ਦਾ ਖਾਤਮਾ ਕਰਕੇ ਹਿੰਦੁਸਤਾਨ ਦੀ ਦੱਬੀ ਕੁਚਲੀ ਜਨਤਾ ਨੂੰ ਆਜ਼ਾਦੀ ਅਤੇ ਖੁਦਮੁਖਤਿਆਰੀ ਦੇ ਰਾਹ ਤੇ ਤੋਰ ਦਿੱਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਉੱਚ ਕੋਟੀ ਦੇ ਕਵੀ, ਧਰਮ ਸੁਧਾਰਕ, ਪਾਰਦਰਸ਼ਕ ਫੌਜੀ ਜਰਨੈਲ, ਦੂਰ ਦ੍ਰਿਸ਼ਟੀ ਵਾਲੇ ਸੂਝਵਾਨ, ਉੱਚੇ ਹੌਂਸਲੇ ਅਤੇ ਪੱਕੇ ਇਰਾਦੇ ਵਾਲੇ, ਸਭ ਔਕੜਾਂ ਸਮੇਂ ਹਮੇਸ਼ਾ ਪ੍ਰਮਾਤਮਾ ਦੀ ਰਜਾ ਵਿਚ ਅਤੇ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਪਰਬਤ ਵਾਂਗ ਅਹਿਲ ਤੇ ਅਚਲ ਦੇ ਧਾਰਨੀ ਸਨ। ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਕੋਲ ਘੱਟ ਜੰਗੀ ਸਮਾਨ, ਘੱਟ ਜੁਝਾਰੂ ਅਤੇ ਘੱਟ ਆਮਦਨ ਹੋਣ ਕਰਕੇ ਵੀ ਕਦੀ ਆਪਣੇ ਕਦਮ ਪਿੱਛੇ ਨਹੀਂ ਕੀਤੇ। ਜਿੰਨੀਆਂ ਵੀ ਲੜਾਈਆਂ ਉਨ੍ਹਾਂ ਤੇ ਥੋਪੀਆਂ ਗਈਆਂ ਉਨ੍ਹਾਂ ਸਾਰੀਆਂ ਵਿਚ ਖਾਲਸੇ ਦੀ ਕਿਰਪਾ ਨਾਲ ਆਪ ਮੋਹਰੀ ਹੋ ਕੇ ਜਿੱਤਾਂ ਪ੍ਰਾਪਤ ਕੀਤੀਆਂ। ਕਦੇ ਕਿਸੇ ਰਾਜ ਤੇ ਜਿੱਤ ਉਪਰੰਤ ਨਾ ਹੀ ਰਾਜ ਕੀਤਾ ਤੇ ਨਾ ਹੀ ਗੁਲਾਮ ਬਣਾਇਆ। ਖਾਲਸੇ ਦਾ ਗਠਨ ਉਨ੍ਹਾਂ ਦੀਆਂ ਖੂਬੀਆਂ ਕਾਰਨ ਸਾਰੇ ਸੰਸਾਰ ਵਿਚ ਚਮਤਕਾਰੀ ਮੋੜ ਲਿਆਇਆ। ਜਿਸ ਦਾ ਕਿ ਸਾਰੇ ਸੰਸਾਰ ਵਿਚ ਕੋਈ ਸਾਨੀ ਨਹੀਂ ਹੈ।

ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀ ਹੋ ਸਕਦਾ ਕਿਉਂਕਿ ਅਕਾਲ ਪੁਰਖ ਆਪ ਕਾਲ ਤੋਂ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ ਕਾਲ ਲਈ ਹੁੰਦੀ ਹੈ।

ਅਜੋਕੇ ਸਮੇਂ ਵਿਚ ਸਮਾਜਿਕ, ਧਾਰਮਿਕ ਅਤੇ ਰਾਜਸੀ ਵਿਵਸਥਾ ਵਿਚ ਆਈ ਖੜੋਤ ਕਾਰਨ ਅਸੀਂ ਬਹੁਤ ਕਮਜ਼ੋਰ ਹੋ ਗਏ ਹਾਂ। ਜੋ ਸਿੱਖ ਕੌਮ ਨੇ ਤਰੱਕੀ ਕਰਨੀ ਸੀ ਉਹ ਨਹੀਂ ਹੋ ਸਕੀ। ਸਿੱਖਾਂ ਵਿਚ ਇਹ ਗੁਣ ਅਤੇ ਪ੍ਰਤਿਭਾ ਮੌਜੂਦ ਹੈ। ਚੰਗੇ ਕਿਰਦਾਰਾਂ ਅਤੇ ਸ਼ਕਤੀਆਂ ਨਾਲ ਸਮਾਜਿਕ ਬੁਰਾਈਆਂ, ਨਸ਼ਿਆਂ ਦੀ ਰੋਕ, ਦਾਜ ਦੀਆਂ ਲਾਹਨਤਾਂ ਜੋ ਕੌਮ ਨੂੰ ਖਾ ਰਹੀਆਂ ਹਨ ਖਤਮ ਹੋ ਸਕਦੀਆਂ ਹਨ। ਅੱਜ ਲੋੜ ਹੈ ਪੰਥਕ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ ਸੁਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਨੂੰ ਇੱਕ ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲ ਸਕੀਏ ਅਤੇ ਸਿੱਖੀ ਸਰੂਪ ਅਤੇ ਚੰਗੇ ਕਿਰਦਾਰ ਵਾਲੇ ਬਣਾ ਸਕੀਏ।

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ


**Chief Editor**
**Er. Harbhajan Singh**
Dy. C.E. (Retd.) President
M.: 98140-62091

**Addl. Chief Editor**
**Er. Parminderjit Singh**
M.: 99153-57524

**Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Co-Editor**
S. Surinder Singh Ruby ETO (Retd.)
M.: 98141-28181


## Advisors


1. S. Naginderjit Singh (Legal Advisor) Session Judge (Retd.), M.: 98159-02643
2. S. Narinder Singh, PES (Retd.) M.: 98555-34236
3. S. Mohinder Singh, DSP (Retd.) M.: 98144-74535
4. Dr. Preet Mohinder Pal Singh M.: 98148-98289



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98140-62091, General Secretary-98725-13970

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਮਾਰਚ ਮਹੀਨੇ ਦੀ ਮੱਸਿਆ, ਸੰਗਰਾਂਦ**
**ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**
ਮੱਸਿਆ - (੧੯ ਚੇਤਰ, ੧੭ ਵੈਸਾਖ) 1/30-04-2022 (ਸ਼ੁੱਕਰ/ਸ਼ਨੀ)
ਸੰਗਰਾਂਦ - (੧ ਵੈਸਾਖ) 14-04-2022 (ਵੀਰਵਾਰ)
ਪੂਰਨਮਾਸ਼ੀ - (੬ ਚੇਤਰ, ੮ ਵੈਸਾਖ) 6/8-04-2022 (ਬੁੱਧ/ਵੀਰ)


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਝਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 107 | ਅਪ੍ਰੈਲ - 2022



| | | |
|---|---|---|
| 1. | ਬਾਬਾ ਬੁੱਲ੍ਹੇ ਸ਼ਾਹ | 4 |
| 2. | ਖ਼ਾਲਸੇ ਦੀ ਸਾਜਨਾ – ਇਕ ਯੁੱਗ ਪਲਟਾਊ ਘਟਨਾ | 6 |
| 3. | ਗੁਰ ਸਾਗਰ ਦੇ ਸੁੱਚੇ ਮੋਤੀ | 8 |
| 4. | ਮਾੜੇ ਚੰਗੇ ਰੀਤੀ–ਰਿਵਾਜ਼ | 9 |
| 5. | ਪ੍ਰਦੂਸ਼ਣ ਇੱਕ ਸਮੱਸਿਆ | 11 |
| 6. | ਗੁਰੂ ਨਨਕ ਪ੍ਰੇਮ ਕਰਮਸਰ ਕਾਲਜ, ਨਡਾਲਾ | 12 |
| 7. | ਮਾਰਚ ਮਹੀਨੇ ਹੋਈਆਂ ਗਤੀਵਿਧੀਆਂ ਦੀ ਰਿਪੋਰਟ | 13 |
| 8. | ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ..... | 15 |
| 9. | ਪੰਜਾਬੀ ਦੇ ਲਹਿਜੇ | 20 |
| 10. | ਮਾਣਮੱਤੀ ਪ੍ਰਾਪਤੀ | 22 |
| 11. | ਜੇਠੂ ਦਾ ਕੋਠਾ | 23 |
| 12. | ਆਓ ਜਾਣੀਏ! | 26 |
| 13. | ਸਿਹਤ ਸੰਭਾਲ | 28 |
| 14. | ਸ਼ਬਦਾਂ ਦੇ ਸੰਜੋਗ | 29 |
| 15. | ਕਾਵਿ–ਕਿਆਰੀ | 30 |
| 16. | Great Labana Community : Ground...... | 32 |
| 17. | Refined Teaching Methods for a Refined..... | 36 |
| 18. | Matrimonial | 38 |
| 19. | ਦਾਨੀ ਸੱਜਣਾਂ ਦੀ ਸੂਚੀ | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਬਾਬਾ ਬੁੱਲ੍ਹੇ ਸ਼ਾਹ

**ਪੰਜਾਬੀ ਦੇ ਪ੍ਰਸਿੱਧ ਸੂਫ਼ੀ ਸੰਤ/ਸ਼ਾਇਰ ਬਾਬਾ ਬੁੱਲ੍ਹੇ ਸ਼ਾਹ ਦੇ ਜੀਵਨ ਸੰਬੰਧੀ ਵਿਸਥਾਰ ਸਾਹਿਤ ਸ. ਭਗਵਾਨ ਸਿੰਘ ਲੁਬਾਣਾ ਵੱਲੋਂ ਵਿਸ਼ੇਸ਼ ਖੋਜ ਪੱਤਰ ਲਿਖਿਆ ਗਿਆ ਸੀ। ਇਸ ਸਬੰਧੀ ਬਾਬਾ ਬੁੱਲ੍ਹੇ ਸ਼ਾਹ ਜੀ ਦੇ ਜੀਵਨ ਸਬੰਧੀ ਇਸ ਖੋਜ ਪੱਤਰ ਦਾ ਲੜੀਵਾਰ ਲੇਖ ਛਾਪਿਆ ਜਾ ਰਿਹਾ ਹੈ।**

ਬਾਬਾ ਬੁੱਲ੍ਹੇ ਸ਼ਾਹ ਪੰਜਾਬ ਦੇ ਮਹਾਨ ਸੂਫ਼ੀ ਸੰਤ ਕਵੀ ਹੋਏ ਹਨ ਅਤੇ ਬੁੱਲ੍ਹੇ ਸ਼ਾਹ ਬਾਰੇ ਤਕਰੀਬਨ ਹਰ ਪੰਜਾਬੀ ਇਸ ਨਾਮ ਤੋਂ ਪੂਰੀ ਤਰ੍ਹਾਂ ਵਾਕਿਫ ਹਨ। ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਅਤੇ ਦੋਹੜੇ ਜਾਂ ਦੋਹੇ ਲੋਕ ਮਨਾਂ ਅੰਦਰ ਅਜਿਹੀਆਂ ਵਸੀਆਂ ਹੋਈਆਂ ਹਨ ਕਿ ਗਾਉਣ ਅਤੇ ਸੁਨਣ ਵਾਲਿਆਂ ਨੂੰ ਅਜੀਬ ਜਿਹਾ ਸਰੂਰ ਆ ਜਾਂਦਾ ਹੈ। ਬੁੱਲ੍ਹੇ ਸ਼ਾਹ ਨੂੰ ਸੂਫ਼ੀਆਂ ਦਾ ਸਿਰਤਾਜ ਕਵੀ ਵੀ ਕਿਹਾ ਜਾਂਦਾ ਹੈ ਅਤੇ ਇਸ ਮਹਾਨ ਕਵੀ ਦੀਆਂ ਰਚਨਾਵਾਂ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੀਆਂ ਹੋਈਆਂ ਹਨ। ਜਿਸ ਕਰਕੇ ਬੁੱਲ੍ਹੇ ਸ਼ਾਹ ਆਪਣੇ ਸਮੇਂ ਤੋਂ ਹੁਣ ਤੱਕ ਦੇ ਸਿਰਮੌਰ ਪੰਜਾਬੀ ਸੂਫ਼ੀ ਕਵੀ ਹੋਏ ਹਨ। ਪਰ ਪੰਜਾਬੀ ਸੁਭਾਅ ਮੁਤਾਬਿਕ ਅਸੀਂ ਅਕਸਰ ਆਪਣੇ ਮਹਾਨ ਗੁਰੂਆਂ, ਸੰਤਾਂ, ਪੀਰਾਂ, ਫਕੀਰਾਂ ਬਾਰੇ ਓਪਰੀ ਜਿਹੀ ਜਾਣਕਾਰੀ ਰੱਖਦੇ ਹਾਂ, ਜੋ ਕਿ ਸਾਹਿਤਕ ਅਤੇ ਸੱਭਿਆਚਾਰਕ ਪੱਖਾਂ ਤੋਂ ਬਹੁਤ ਘਾਤਕ ਵਰਤਾਰਾ ਹੈ। ਬੜੇ ਚਿਰਾਂ ਤੋਂ ਮੇਰੀ ਤਾਂਘ ਸੀ ਕਿ ਕੁਝ ਗੁਰੂਆਂ, ਪੀਰਾਂ, ਫਕੀਰਾਂ, ਸੰਤਾਂ ਬਾਰੇ ਸਿੱਧੇ ਸਾਧੇ ਰੂਪ ਵਿੱਚ ਇਨ੍ਹਾਂ ਦੇ ਜੀਵਨ ਬ੍ਰਿਤਾਂਤ ਨੂੰ ਲਿਖਣ ਦੀ ਅਤੇ ਤੁਹਾਡੇ ਸਨਮੁਖ ਪੇਸ਼ ਕਰਨ ਦੀ ਅਤੇ ਅਜਿਹੇ ਸਿਲਸਿਲੇ ਦੀ ਸ਼ੁਰੂਆਤ ਬਾਬਾ ਬੁੱਲ੍ਹੇ ਸ਼ਾਹ ਤੋਂ ਕਰਨ ਦਾ ਉਪਰਾਲਾ ਕੀਤਾ ਹੈ। ਬਾਬਾ ਬੁੱਲ੍ਹੇ ਸ਼ਾਹ ਜੀ ਦੀ ਜੀਵਨੀ ਦੀ ਘੋਖ ਅਤੇ ਪੜਚੋਲ ਆਪਣੇ ਆਪ ਵਿੱਚ ਇਕ ਅਧਿਆਤਮਕ ਆਨੰਦਮਈ ਕਾਰਜ ਹੈ।




ਸੰਪਾਦਕ
ਭਗਵਾਨ ਸਿੰਘ
ਲੁਬਾਣਾ
98155-40240




ਬੁੱਲ੍ਹੇ ਸ਼ਾਹ ਦਾ ਬਚਪਨ ਦਾ ਨਾਮ ਅਬਦੁੱਲਾਹ ਸ਼ਾਹ ਸੀ, ਅਬਦੁੱਲਾਹ ਦਾ ਅਰਥ ਹੈ ਅੱਲ੍ਹਾ ਦਾ ਬੰਦਾ। ਇਹੋ ਅਬਦੁਲਾਹ ਸ਼ਾਹ ਬਾਅਦ ਵਿੱਚ ਬਾਬਾ, ਸਾਂਈਂ ਜਾਂ ਹਜ਼ਰਤ ਬੁੱਲ੍ਹੇ ਸ਼ਾਹ ਬਣ ਗਏ। ਬਾਬਾ ਬੁੱਲ੍ਹੇ ਸ਼ਾਹ ਦਾ ਜਨਮ ਪਿੰਡ ਉੱਚ ਸ਼ਰੀਫ਼ ਗੀਲਾਨੀਆਂ, ਜ਼ਿਲ੍ਹਾ ਬਹਾਵਲਪੁਰ, (ਪਾਕਿਸਤਾਨ) ਵਿਖੇ ਸੰਨ 1680 ਈ: ਵਿੱਚ ਪਿਤਾ ਸਖੀ ਮੁਹੰਮਦ ਦਰਵੇਸ਼ ਦੇ ਘਰ ਹੋਇਆ। ਬੁੱਲ੍ਹੇ ਸ਼ਾਹ ਆਪਣੇ ਬਚਪਨ ਦੇ ਨਾਮ ਅਬਦੁੱਲਾ ਬਾਰੇ ਆਪਣੀ ਰਚਨਾਵਾਂ ਵਿਚ ਲਿਖਦੇ ਹਨ

**ਹੁਣ ਇਨਾ ਅੱਲਾਹੂ ਆਖ ਕੇ ਤੁਮ ਕਰੋ ਨਿਗਾਹੀਂ।**
**ਪੀਆ ਹੀ ਸਭ ਕੁਝ ਹੋ ਗਿਆ, 'ਅਬਦੁੱਲਾ' ਨਾਹੀਂ।**

ਬੁੱਲ੍ਹੇ ਸ਼ਾਹ ਦੇ ਜਨਮ ਤੋਂ ਕੁਝ ਮਹੀਨੇ ਬਾਅਦ, ਪਿਤਾ ਸਖੀ ਮੁਹੰਮਦ ਦਰਵੇਸ਼ ਪਰਿਵਾਰ ਸਮੇਤ ਪਿੰਡ ਪਾਂਡੂਕੇ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਵਿਖੇ ਆਣ ਵਸੇ। ਕਸੂਰ ਅੱਜ ਕੱਲ੍ਹ ਲਹਿੰਦੇ ਪੰਜਾਬ (ਪਾਕਿਸਤਾਨ) ਦਾ ਜ਼ਿਲ੍ਹਾ ਬਣ ਚੁੱਕਿਆ ਹੈ। ਬੁੱਲ੍ਹੇ ਸ਼ਾਹ ਦੇ ਪਿਤਾ ਸਖੀ ਮੁਹੰਮਦ ਦਰਵੇਸ਼ ਆਪਣੇ ਸਮੇਂ ਦੀ ਉੱਚ ਪਾਏ ਦੀ ਅਧਿਆਤਮਕ ਸ਼ਖ਼ਸ਼ੀਅਤ ਅਤੇ ਧਾਰਮਿਕ ਕੱਟੜਤਾ ਦੇ ਵਿਰੋਧੀ ਸਨ। ਇਹਨਾਂ ਨੇ ਪਿੰਡ ਪਾਂਡੂਕੇ ਵਿਖੇ ਮੌਲਵੀ ਵਜੋਂ ਬੱਚਿਆਂ ਨੂੰ ਪੜ੍ਹਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਅਤੇ ਆਪ ਸਮਾਜ ਵਿਚ ਉੱਚ ਦਰਜੇ ਦੀ ਸਨਮਾਨਿਤ ਸਖਸ਼ੀਅਤ ਸਨ। ਬੁੱਲ੍ਹੇ ਸ਼ਾਹ ਨੇ ਵੀ ਮੁੱਢਲੀ ਸਿੱਖਿਆ ਆਪਣੇ ਪਿਤਾ ਮੁਹੰਮਦ ਦਰਵੇਸ਼ ਤੋਂ ਹੀ ਹਾਸਿਲ ਕੀਤੀ ਸੀ। ਬੁੱਲ੍ਹੇ ਸ਼ਾਹ ਦੇ ਜ਼ਮਾਨੇ ਵਿੱਚ ਸਮਾਜ ਪੂਰੀ ਤਰ੍ਹਾਂ ਊਚ-ਨੀਚ ਅਤੇ ਜਾਤ-ਪਾਤ ਦੇ ਬੰਧਨਾਂ ਵਿੱਚ ਜਕੜਿਆ ਹੋਇਆ ਸੀ। ਬੁੱਲ੍ਹੇ ਸ਼ਾਹ ਦਾ ਪਰਿਵਾਰ 'ਸੱਯਦ' ਖਾਨਦਾਨ ਨਾਲ ਸਬੰਧਿਤ ਸੀ, ਜੋ ਕਿ ਮੁਸਲਿਮ ਵਰਗ ਵਿੱਚ ਉੱਚ ਸ਼੍ਰੇਣੀ ਦੀ ਜਾਤ ਮੰਨੀ ਜਾਂਦੀ ਸੀ। ਬੁੱਲ੍ਹੇ ਸ਼ਾਹ ਦੇ ਭੈਣ ਭਰਾਵਾਂ ਦੀ ਤਫਸੀਲ ਜਾਂ ਜਾਣਕਾਰੀ ਕਿਤੇ ਨਹੀਂ ਮਿਲਦੀ, ਪਰ ਮੰਨਿਆ ਜਾਂਦਾ ਹੈ ਕਿ ਇਹ ਕਾਫੀ ਵੱਡਾ ਪਰਿਵਾਰ ਸੀ।

ਬੁੱਲ੍ਹੇ ਸ਼ਾਹ ਨੇ ਮੁੱਢਲੀ ਸਿੱਖਿਆ ਆਪਣੇ ਪਿੰਡ ਪਾਂਡੂਕੇ ਵਿਖੇ ਹਾਸਿਲ ਕਰਨ ਉਪਰੰਤ ਉਚੇਰੀ ਦੁਨਿਆਵੀ ਸਿੱਖਿਆ ਹਾਸਿਲ ਕਰਨ ਹਿੱਤ ਕਸੂਰ ਵਿਖੇ ਆ ਕੇ ਪਹਿਲਾਂ ਮੌਲਵੀ ਗੁਲਾਮ ਮੁਰਤਜ਼ਾ ਤੋਂ ਜ਼ਾਹਰੀ ਤਾਲੀਮ ਪ੍ਰਾਪਤ ਕੀਤੀ। ਬੁੱਲ੍ਹੇ ਸ਼ਾਹ ਦੇ ਦੂਸਰੇ ਉਸਤਾਦ ਹਜ਼ਰਤ ਮੌਲਾਨਾ ਗੁਲਾਮ ਮਹੱਈਉਦੀਨ ਕਸੂਰੀ ਸਨ ਅਤੇ ਬੜੇ ਇਤਫਾਕ ਦੀ ਗੱਲ ਹੈ ਕਿ ਇਸੇ ਉਸਤਾਦ ਦੇ ਪੰਜਾਬ ਦੀ ਮਸ਼ਹੂਰ ਲੋਕ ਗਾਥਾ 'ਹੀਰ ਰਾਂਝਾ' ਦੇ ਕਿੱਸਾਕਾਰ

ਵਾਰਿਸ ਸ਼ਾਹ ਵੀ ਸ਼ਗਿਰਦ ਸਨ। ਮੌਲਾਨਾ ਗੁਲਾਮ ਮੁਹੱਈਉਦੀਨ ਤੋਂ ਪੰਜਾਬ ਦੇ ਦੋਵੇਂ ਸ਼ਾਹ ਮਸਲਨ ਬੁੱਲ੍ਹੇ ਸ਼ਾਹ ਅਤੇ ਵਾਰਿਸ ਸ਼ਾਹ ਨੇ ਕਾਵਿ ਖੇਤਰ ਵਿੱਚ ਅਹਿਮ ਦਰਜਾ ਹਾਸਿਲ ਕਰਕੇ ਆਪਣੇ ਉਸਤਾਦ ਨੂੰ ਵੀ ਅਮਰ ਕਰ ਦਿੱਤਾ। 'ਵਾਰਿਸ ਸ਼ਾਹ' ਆਪਣੀ ਰਚਨਾ ਵਿੱਚ ਵੀ ਆਪਣੇ ਉਸਤਾਦ ਦਾ ਜ਼ਿਕਰ ਇਉਂ ਕਰਦਾ ਹੈ ਕਿ

**"ਵਾਰਿਸ ਸ਼ਾਹ ਵਸਨੀਕ ਜੰਡਿਆਲੇ ਦਾ,**
**ਅਤੇ ਸ਼ਾਗਿਰਦ ਮਖਦੂਮ ਕਸੂਰ ਦਾ ਈ"।**

ਇਥੇ ਖਾਸ ਵਰਨਣਯੋਗ ਹੈ ਕਿ ਪਟਿਆਲਾ ਘਰਾਣੇ ਦੇ ਮਹਾਨ ਸੰਗੀਤਕਾਰ ਬੜੇ ਗੁਲਾਮ ਅਲੀ ਖ਼ਾਨ (1902-1968 ਈ.) ਅਤੇ ਪਾਕਿਸਤਾਨ ਦੀ ਮਸ਼ਹੂਰ ਫ਼ਨਕਾਰਾਂ ਮਲਿਕਾ-ਏ-ਤਰੁਨਮ ਨੂਰਜਹਾਂ (1928-2000 ਈ.) ਵੀ ਕਸੂਰ ਦੇ ਜੰਮਪਲ ਸਨ। ਇਸ ਤੋਂ ਇਲਾਵਾ ਖੁਰਸ਼ੀਦ ਬਾਨੋ (1914 ਈ.) ਜੋ ਕਿ ਆਪਣੇ ਸਮੇਂ ਦੀ ਪਾਕਿਸਤਾਨ ਦੀ ਮਕਬੂਲ ਅਦਾਕਾਰਾ ਅਤੇ ਫ਼ਨਕਾਰ ਸਨ, ਉਹ ਵੀ ਕਸੂਰ ਸ਼ਹਿਰ ਦੀ ਜੰਮਪਲ ਸੀ ਅਤੇ ਇਹ ਹਿੰਦੋਸਤਾਨੀ ਸਿਨੇਮਾ ਦੀ ਮਸ਼ਹੂਰ ਅਦਾਕਾਰਾ ਮੀਨਾ ਕੁਮਾਰੀ ਦੀ ਵੱਡੀ ਭੈਣ ਸੀ। ਬਾਬਾ ਬੁੱਲ੍ਹੇ ਸ਼ਾਹ ਦੀ ਸੂਫ਼ੀਆਨਾ ਸਖ਼ਸ਼ੀਅਤ ਤੋਂ ਇਹ ਸਾਰੀਆਂ ਸਖ਼ਸ਼ੀਅਤਾਂ ਪ੍ਰਭਾਵਿਤ ਸਨ। ਪੁਰਾਣੇ ਸਮਿਆਂ ਵਿੱਚ ਉਸਤਾਦ-ਸ਼ਾਗਿਰਦ ਦਾ ਰਿਸ਼ਤਾ ਇਤਨਾ ਗੂੜ੍ਹਾ ਅਤੇ ਗਹਿਰਾ ਹੁੰਦਾ ਸੀ, ਜਿਸ ਦੀ ਬਦੌਲਤ ਕਈ ਆਲਿਮ ਫਾਜ਼ਿਲ ਸਖਸ਼ੀਅਤਾਂ ਪੈਦਾ ਹੋਈਆਂ। ਜਿਨ੍ਹਾਂ 'ਚੋਂ ਬੁੱਲ੍ਹੇ ਸ਼ਾਹ ਅਤੇ ਵਾਰਿਸ ਸ਼ਾਹ ਸਦਕਾ ਪੰਜਾਬੀ ਜ਼ੁਬਾਨ ਦੀ ਚੜ੍ਹਤ ਹੋਈ ਜਿਸ ਲਈ ਪੰਜਾਬੀ ਸਮਾਜ ਸਦਾ ਇਨ੍ਹਾਂ ਦਾ ਰਿਣੀ ਰਹੇਗਾ।

ਇਸ ਤੋਂ ਅਗਾਂਹ ਬੁੱਲ੍ਹੇ ਸ਼ਾਹ ਦੀ ਭਰ ਜਵਾਨੀ ਵਿੱਚ ਅਧਿਆਤਮਕ ਅਤੇ ਸਾਹਿਤਕ ਸਫਰ ਦੀ ਸ਼ੁਰੂਆਤ ਹੁੰਦੀ ਹੈ। ਬੁੱਲ੍ਹੇ ਸ਼ਾਹ ਆਪਣੀ ਮਸਤੀ ਦੇ ਆਲਮ ਵਿੱਚ ਕਸੂਰ ਤੋਂ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਦੀਆਂ ਗਲੀਆਂ ਵਿੱਚ ਆਣ ਪਹੁੰਚੇ। ਬੁੱਲ੍ਹੇ ਸ਼ਾਹ ਨੇ ਬਟਾਲੇ ਦੀਆਂ ਗਲੀਆਂ ਵਿੱਚ ਆਪਣੀ ਇਕਾਗਰਤਾ ਭਰੀ ਮਸਤੀ ਵਿੱਚ ਮਨਸੂਰ ਵਾਂਗ **"ਅਨਲਹੱਕ"** ਮਸਲਨ **'ਮੈਂ ਅਲ੍ਹਾ ਹਾਂ'** ਦੇ ਬੋਲ ਬੋਲਣੇ ਸ਼ੁਰੂ ਕਰ ਦਿੱਤੇ। ਉਸ ਸਮੇਂ ਬਟਾਲੇ ਦੇ ਮੋਢੀ ਸ਼ੇਖ ਫਾਜ਼ਿਲ-ਉ-ਦੀਨ ਦੀ ਜੋ ਕਿ ਦਰਬਾਰ ਫਾਜ਼ਲੀਆ ਦੇ ਸਰਬਰਾਹ ਸਨ, ਕੋਲ ਲੋਕਾਂ ਨੇ ਬੁੱਲ੍ਹੇ ਸ਼ਾਹ ਵੱਲੋਂ ਬੋਲੇ ਗਏ **'ਅਨਲਹੱਕ'** ਸਬੰਧੀ ਸ਼ਿਕਾਇਤ ਕੀਤੀ। ਸ਼ੇਖ ਸਾਹਿਬ ਨੇ ਬੁੱਲ੍ਹੇ ਸ਼ਾਹ ਨੂੰ ਦਰਬਾਰ ਵਿੱਚ ਬੁਲਾਇਆ ਅਤੇ ਗੁਫਤਗੂ ਉਪਰੰਤ ਸੁਘੜ ਸਿਆਣਪ ਨਾਲ ਗੜੁਚ ਸ਼ੇਖ ਫਾਜ਼ਿਲ-ਉ-ਦੀਨ ਨੇ ਲੋਕਾਂ ਨੂੰ ਸਮਝਾਇਆ ਕਿ ਬੁੱਲ੍ਹਾ ਕਹਿ ਰਿਹਾ ਹੈ ਕਿ 'ਮੈਂ ਅੱਲਾ ਮਸਲਨ ਕੱਚਾ ਜਾਂ ਅਲ੍ਹੜ ਹਾਂ'। ਇਸ ਲਈ ਬੁੱਲ੍ਹੇ ਸ਼ਾਹ ਨੂੰ ਪਰਪੱਕ ਹੋਣ ਵਾਸਤੇ ਲਾਹੌਰ ਵਿਖੇ ਦਰਵੇਸ਼ ਬਜ਼ੁਰਗ ਸ਼ਾਹ ਇਨਾਇਤ ਕਾਦਰੀ ਕੋਲ ਜਾਣ ਲਈ ਕਿਹਾ ਗਿਆ ਹੈ। ਬੁੱਲ੍ਹੇ ਸ਼ਾਹ ਨੂੰ ਸ਼ੇਖ ਸਾਹਿਬ ਦੀ ਕਹੀ ਗੱਲ ਸਹੀ ਜਾਪੀ ਅਤੇ ਸ਼ਾਹ ਇਨਾਇਤ ਕਾਦਰੀ ਨੂੰ ਮਿਲਣ ਲਈ ਬਟਾਲੇ ਤੋਂ ਲਾਹੌਰ ਵਲ ਕੂਚ ਕਰ ਗਏ।

ਸ਼ਾਹ ਇਨਾਇਤ ਕਾਦਰੀ ਸੂਫੀ ਫਿਰਕੇ **'ਸ਼ੱਤਾਰੀ'** ਨਾਲ ਸਬੰਧਿਤ ਕਸੂਰ ਦੇ ਅਰਾਂਈ ਪਰਿਵਾਰ ਵਿੱਚੋਂ ਸੰਤ-ਬਜ਼ੁਰਗ ਸਨ। ਕਸੂਰ ਦੇ ਹਾਕਮ ਹੁਸੈਨ ਖਾਨ ਨਾਲ ਸੂਫੀਆਨਾ ਤਬੀਅਤ ਹੋਣ ਕਰਕੇ ਅਣਬਣ ਹੋ ਜਾਣ ਕਾਰਨ ਕਸੂਰ ਛੱਡ ਕੇ ਲਾਹੌਰ ਆਣ ਵਸੇ ਸਨ। ਬੁੱਲ੍ਹੇ ਸ਼ਾਹ ਦੀ ਪਹਿਲੀ ਮੁਲਾਕਾਤ ਜਦ ਸ਼ਾਹ ਇਨਾਇਤ ਕਾਦਰੀ ਨਾਲ ਲਾਹੌਰ ਦੇ ਬਾਗ ਵਿੱਚ ਹੋਈ ਤਾਂ ਉਸ ਵੇਲੇ ਕਾਦਰੀ ਸਾਹਿਬ ਗੰਢਿਆਂ ਦੀ ਪਨੀਰੀ ਲਗਾ ਰਹੇ ਸਨ। ਬੁੱਲ੍ਹੇ ਸ਼ਾਹ ਨੇ ਤਾਕੀਦ ਕੀਤੀ ਕਿ "ਉਹ ਕਸੂਰ ਦੇ ਰਹਿਣ ਵਾਲੇ ਹਨ ਅਤੇ ਉਥੋਂ ਹੀ ਉਸਤਾਦ ਗੁਲਾਮ ਮਹੱਈਉਦੀਨ ਕਸੂਰੀ ਤੋਂ ਜ਼ਾਹਿਰੀ ਤਾਲੀਮ ਹਾਸਿਲ ਕੀਤੀ ਹੈ। ਬਟਾਲਾ ਦੇ ਫਾਜ਼ਲੀਆ ਦਰਬਾਰ ਦੇ ਮੋਢੀ ਸ਼ੇਖ ਫਾਜ਼ਿਲ-ਉ-ਦੀਨ ਦੀ ਪ੍ਰੇਰਨਾ ਤੇ ਮੈਂ ਆਪ ਪਾਸ ਪਰਪੱਕ ਹੋਣ ਲਈ ਆਇਆ ਹਾਂ। ਮੈਨੂੰ ਰੱਬ ਨੂੰ ਪ੍ਰਾਪਤੀ ਜਾਂ ਉਸ ਨਾਲ ਇਕਮਿਕ ਹੋਣ ਦੀ ਵਿਧੀ ਸਮਝਾਉ।" ਸ਼ਾਹ ਇਨਾਇਤ ਕਾਦਰੀ ਜੋ ਉਸ ਸਮੇਂ ਗੰਢਿਆਂ ਦੀ ਪਨੀਰੀ ਲਗਾ ਰਹੇ ਸਨ, ਨੇ ਇਕ ਗੰਢਾ ਪਨੀਰੀ ਦਾ ਇਕ ਕਿਆਰੇ ਵਿੱਚੋਂ ਪੁਟਿਆ ਅਤੇ ਦੂਸਰੇ ਕਿਆਰੇ ਵਿੱਚ ਲਗਾਉਂਦਿਆਂ ਕਿਹਾ **'ਬੁੱਲ੍ਹਿਆ ਰੱਬ ਦਾ ਕੀ ਪਾਉਣਾ, ਏਧਰੋਂ ਪੁਟਣਾ ਤੇ ਓਧਰ ਲਾਉਣਾ'।** ਸ਼ਾਹ ਇਨਾਇਤ ਕਾਦਰੀ ਦੀ ਡੂੰਘੀ ਰਮਜ਼ ਅਤੇ ਗੂਹੜੇ ਅਰਥਾਂ ਨੇ ਬੁੱਲ੍ਹੇ ਸ਼ਾਹ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਗੁਰੂ ਮੰਤਰ ਦਾ ਸਿੱਧਾ ਭੇਦ ਸੀ ਕਿ ਬਾਹਰਲੀ ਮਸਲਨ ਜ਼ਾਹਰੀ ਦੁਨੀਆਂ ਨੂੰ ਛੱਡ ਕੇ ਅੱਲ੍ਹਾ ਨਾਲ ਸੰਪਰਕ ਕਰਨ ਲਈ ਅੰਦਰਲੀ ਅਵਸਥਾ ਨੂੰ ਪਕੜਨਾ। ਬੁੱਲ੍ਹੇ ਸ਼ਾਹ ਨੇ ਆਪਾ ਸਮਰਪਣ ਕਰਕੇ ਸ਼ਾਹ ਇਨਾਇਤ ਕਾਦਰੀ ਨੂੰ ਆਪਣਾ ਮੁਰਸ਼ਦ ਧਾਰ ਲਿਆ। ਇਥੇ ਇਹ ਵਰਨਣਯੋਗ ਹੈ ਕਿ ਉਸ ਸਮੇਂ ਸਮਾਜ ਊਚ-ਨੀਚ ਅਤੇ ਜਾਤ-ਪਾਤ ਦੇ ਬੰਧਨਾਂ ਵਿੱਚ ਪੂਰੀ ਤਰ੍ਹਾਂ ਜਕੜਿਆ ਹੋਇਆ ਸੀ। ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਬੁੱਲ੍ਹੇ ਸ਼ਾਹ ਮੁਸਲਿਮ 'ਸੱਯਦ' ਖਾਨਦਾਨ ਵਿਚੋਂ ਸਨ, ਜੋ ਕਿ ਮੁਸਲਿਮ ਸਮਾਜ ਵਿਚ ਉੱਚ ਸ਼੍ਰੇਣੀ ਵਰਗ ਮੰਨਿਆਂ ਜਾਂਦਾ ਸੀ। ਸੱਯਦ ਖਾਨਦਾਨ ਜਾਂ ਪਰਿਵਾਰ ਆਪਣੀ ਉੱਚ ਜਾਤੀ ਕਰਕੇ ਸਮਾਜ ਵਿੱਚ ਕਾਫੀ ਹੰਕਾਰੇ ਅਤੇ ਮਗਰੂਰ ਸਨ। ਸੱਯਦ ਆਪਣੇ ਆਪ ਨੂੰ ਹਜ਼ਰਤ ਮੁਹੰਮਦ ਸਾਹਿਬ ਦੀ ਸਿੱਧੀ ਔਲਾਦ ਅਤੇ ਪੈਗੰਬਰ ਸਾਹਿਬ ਨੂੰ ਆਪਣਾ ਪੂਰਵਜ ਸਮਝਦੇ ਸਨ। ਇਸ ਦੇ ਉਲਟ ਬੁੱਲ੍ਹੇ ਸ਼ਾਹ ਨੇ ਜਿਸ ਇਨਾਇਤ ਸ਼ਾਹ ਕਾਦਰੀ ਨੂੰ ਆਪਣਾ ਮੁਰਸ਼ਦ ਧਾਰਿਆ, ਉਹ ਨੀਵੀਂ ਸ਼੍ਰੇਣੀ ਦੇ ਅਰਾਈ ਜਾਤ ਨਾਲ ਸਬੰਧ ਰੱਖਦੇ ਸਨ ਅਤੇ ਛੋਟਾ-ਮੋਟਾ ਮਾਲੀ, ਖੇਤੀਬਾੜੀ ਦਾ ਕੰਮ ਕਰਕੇ ਆਪਣਾ ਜੀਵਨ ਦਾ ਨਿਰਬਾਹ ਕਰਦੇ ਸਨ। ਕੋਈ ਸੱਯਦ ਕਿਸੇ ਅਰਾਈਂ ਨਾਲ ਸਬੰਧ ਰਖੇ ਇਹ ਉੱਚ ਸ਼੍ਰੇਣੀ ਵਰਗ ਲਈ ਤੌਹੀਨ ਸਮਝਿਆ ਜਾਂਦਾ ਸੀ। ਇਸ ਕਰਕੇ ਬੁੱਲ੍ਹੇ ਸ਼ਾਹ ਦੇ ਸੱਯਦ ਪਰਿਵਾਰ ਨੇ ਵੀ ਇਸ ਸ਼ਾਹ ਇਨਾਇਤ ਕਾਦਰੀ ਜੋ ਅਰਾਈਂ ਸੀ ਨੂੰ ਮੁਰਸ਼ਦ ਧਾਰਨ ਦਾ ਤਿੱਖਾ ਵਿਰੋਧ ਅਤੇ ਵਾਵੇਲਾ ਖੜ੍ਹਾ ਕੀਤਾ। ਬੁੱਲ੍ਹੇ ਸ਼ਾਹ ਇਸ ਸਮਾਜਿਕ ਵਰਤਾਰੇ ਬਾਰੇ ਲਿਖਦੇ ਹਨ:-

**ਬੁੱਲ੍ਹੇ ਨੂੰ ਸਮਝਾਵਣ ਆਈਆਂ, ਭੈਣਾਂ ਤੇ ਭਰਜਾਈਆਂ।**
**ਅਲ ਨਬੀ ਔਲਾਦ ਅਲੀ ਦੀ, ਬੁੱਲ੍ਹਿਆ ਤੂੰ ਕੀ ਲੀਕਾਂ ਲਾਈਆਂ।**
**ਮੰਨ ਲੈ ਬੁੱਲ੍ਹਿਆ ਸਾਡਾ ਕਹਿਣਾ, ਛੱਡ ਦੇ ਪੱਲਾ ਰਾਈਆਂ।**

**(ਚਲਦਾ)**

# ਖ਼ਾਲਸੇ ਦੀ ਸਾਜਨਾ - ਇਕ ਯੁੱਗ ਪਲਟਾਊ ਘਟਨਾ

**ਡਾ. ਹਰਚੰਦ ਸਿੰਘ ਸਰਹਿੰਦੀ (ਸ਼੍ਰੋਮਣੀ ਸਾਹਿਤਕਾਰ ਐਵਾਰਡੀ)**



ਗੁਰੂ ਗੋਬਿੰਦ ਸਿੰਘ ਜੀ ਪੰਜਾਬ ਦੇ ਇਤਿਹਾਸ ਦੇ ਸਭ ਤੋਂ ਮਹਾਨ ਅਤੇ ਆਕਰਸ਼ਕ ਵਿਅਕਤੀਆਂ ਵਿੱਚੋਂ ਪ੍ਰਮੁੱਖ ਮੰਨੇ ਜਾਂਦੇ ਹਨ। ਉਨ੍ਹਾਂ ਨੇ ਸਿਰਫ਼ 42 ਸਾਲਾਂ ਦੇ ਆਪਣੇ ਜੀਵਨ ਕਾਲ (1666-1708 ਈ.) ਦੌਰਾਨ ਉੱਤਰੀ ਭਾਰਤ ਦੀ, ਪੂਰੀ ਦੀ ਪੂਰੀ, ਤਵਾਰੀਖ਼ ਹੀ ਬਦਲ ਕੇ ਰੱਖ ਦਿੱਤੀ।

ਗੁਰੂ ਸਾਹਿਬ ਜੀਵਨ ਭਰ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਨਾਲ ਜੂਝਦੇ ਰਹੇ। ਪਰ ਇਤਿਹਾਸ ਦੱਸਦਾ ਹੈ ਕਿ 1696 ਈ. ਤੋਂ 1699 ਈ. ਦੌਰਾਨ ਗੁਰੂ ਸਾਹਿਬ ਨੂੰ ਨਾ ਮੁਗ਼ਲਾਂ ਤੇ ਨਾ ਹੀ ਪਹਾੜੀ ਰਾਜਿਆਂ ਤੋਂ ਕੋਈ ਖ਼ਤਰਾ ਰਿਹਾ। ਸੋ, ਇਸ ਅਰਸੇ ਦੌਰਾਨ ਉਨ੍ਹਾਂ ਨੇ ਆਪਣੀ ਯੋਗਤਾ ਅਤੇ ਸ਼ਕਤੀ ਨੂੰ ਪੂਰਨ ਰੂਪ ਵਿਚ ਆਪਣੇ ਜੀਵਨ ਦੇ ਅਸਲੀ ਉਦੇਸ਼ ਦੀ ਪੂਰਤੀ ਵੱਲ ਮੋੜਿਆ।

ਗੁਰੂ ਸਾਹਿਬ ਦੇ ਜੀਵਨ ਦਾ ਮੁੱਖ ਮਨੋਰਥ ਇਹ ਸੀ ਕਿ ਲੋਕਾਂ ਨੂੰ ਜ਼ੁਲਮ ਅਤੇ ਬਦੀ ਦੇ ਖਿਲਾਫ਼ ਮੁਕਾਬਲਾ ਕਰਨ ਦੇ ਸਮਰੱਥ ਬਣਾਇਆ ਜਾਵੇ ਅਤੇ ਸਮਾਂ ਆਉਣ 'ਤੇ ਇਨਕਲਾਬ ਦਾ ਝੰਡਾ ਬੁਲੰਦ ਕੀਤਾ ਜਾਵੇ। ਗੁਰੂ ਸਾਹਿਬ ਆਪਣੇ ਜੀਵਨ ਦੇ ਉਦੇਸ਼ ਬਾਰੇ ਆਪਣੀ ਜੀਵਨ-ਕਥਾ - 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ ਕਿ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਅੱਤਿਆਚਾਰੀ ਲੋਕਾਂ ਦਾ ਨਾਸ਼ ਕਰਨਾ ਅਤੇ ਧਰਮ ਦਾ ਪ੍ਰਚਾਰ ਕਰਨਾ ਹੈ - "ਦੁਸਟ ਦੋਖੀਅਨਿ ਪਕਰਿ ਪਛਾਰੋ॥ ਯਾਹੀ ਕਾਜ ਧਰਾ ਹਮ ਜਨਮੰ॥" ਆਪਣੇ ਇਸ ਮਿਸ਼ਨ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਲੋਕਾਂ ਦੀ ਸੋਚ ਵਿਚ ਇਨਕਲਾਬ ਲਿਆਂਦਾ। ਲੋਕਾਂ ਦਾ ਹੌਂਸਲਾ ਸੁਰਜੀਤ ਕਰਨ ਅਤੇ ਉਨ੍ਹਾਂ ਦੀ ਆਤਮਾ ਨੂੰ ਜਗਾਉਣ ਲਈ ਗੁਰੂ ਸਾਹਿਬ ਨੇ ਖ਼ੁਦ ਬਾਣੀ ਰਚੀ ਅਤੇ ਆਪਣੇ ਦਰਬਾਰੀ ਕਵੀਆਂ ਪਾਸੋਂ ਵੀ ਲੋੜੀਂਦੀ ਸਾਹਿਤ ਰਚਨਾ ਕਰਵਾਈ। ਦੂਜਾ, ਲਿਤਾੜੀ ਤੇ ਸਾਹ-ਸਤ ਗੁਆ ਚੁੱਕੀ ਭਾਰਤੀ ਜਨਤਾ ਨੂੰ ਉਨ੍ਹਾਂ ਨੇ ਚੜ੍ਹਦੀ ਕਲਾ ਦਾ ਨਾਅਰਾ ਦਿੱਤਾ ਅਤੇ "ਨਿਸਚੈ ਕਰ ਅਪਨੀ ਜੀਤ ਕਰੋ।" ਦਾ ਸਬਕ ਕੰਠ ਕਰਵਾਇਆ, ਕਿਉਂਕਿ ਢਹਿੰਦੀ ਕਲਾ ਵਿਚ ਜਾ ਰਹੀ ਕੌਮ ਤੋਂ ਕਿਸੇ ਠੋਸ ਪ੍ਰਾਪਤੀ ਦੀ ਆਸ ਨਹੀਂ ਕੀਤੀ ਜਾ ਸਕਦੀ। ਤੀਜਾ, ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਕਿ ਜਬਰ ਤੇ ਜ਼ੁਲਮ ਬਰਦਾਸ਼ਤ ਕਰਨ ਵਾਲੀਆਂ ਕੌਮਾਂ ਮਰ-ਮਿਟ ਜਾਂਦੀਆਂ ਹਨ। ਇਹ ਵੀ ਦ੍ਰਿੜ੍ਹ ਕਰਵਾਇਆ ਕਿ ਕੌਮਾਂ ਤਲਵਾਰ ਤੇ ਨੇਜ਼ੇ ਦੀ ਸ਼ਕਤੀ ਵਿੱਚੋਂ ਉਪਜਦੀਆਂ ਹਨ ਅਤੇ ਹਾਲਾਤ ਨਾਲ ਸਮਝੌਤਾ ਕਰਨ ਤੇ ਗੋਡੇ ਟੇਕਣ ਦੀ ਪ੍ਰਵਿਰਤੀ ਵਿਚ ਗ਼ਰਕ ਹੋ ਜਾਂਦੀਆਂ ਹਨ।

ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਨੇ ਕਿਸੇ ਪੜਾਅ 'ਤੇ ਵੀ ਹਾਲਾਤ ਨਾਲ ਸਮਝੌਤਾ ਨਹੀਂ ਕੀਤਾ, ਕਿਉਂਕਿ ਉਹ ਖ਼ੂਬ ਸਮਝਦੇ ਸਨ ਕਿ "ਜਿਹੜੇ ਲੋਕ ਹਾਲਾਤ ਨਾਲ ਸਮਝੌਤਾ ਕਰਨ ਦੇ ਇਛੁੱਕ ਰਹਿੰਦੇ ਹਨ, ਉਹ ਕਦੀ ਇਨਕਲਾਬ ਨਹੀਂ ਲਿਆ ਸਕਦੇ।" - ਕਮਾਲ ਅਤਾਤੁਰਕ।

ਇਨਕਲਾਬ ਵੱਲ ਵਧਦੇ ਕਦਮ ਅਤੇ ਖ਼ਾਲਸੇ ਦੀ ਸਾਜਨਾ - ਲੋਕ ਰੋਹ ਦਾ ਤੇਜ਼ ਤੂਫ਼ਾਨ ਪੈਦਾ ਕਰਨ ਉਪਰੰਤ ਹੁਣ ਗੁਰੂ ਸਾਹਿਬ ਦਾ ਅਗਲਾ ਪੈਂਤੜਾ ਸੀ ਇਕ ਸਿਰਲੱਥ ਕੌਮ ਦਾ ਨਿਰਮਾਣ ਕਰਨਾ, ਜੋ ਮੁਗ਼ਲ ਹਕੂਮਤ ਨੂੰ ਸਾਹਮਣਿਓਂ ਲਲਕਾਰ ਸਕੇ। ਉਹ ਆਪਣੇ ਮਿੱਥੇ ਹੋਏ ਨਿਸ਼ਾਨੇ ਦਾ ਜ਼ਿਕਰ ਕਰਦਿਆਂ ਫ਼ਰਮਾਉਂਦੇ ਹਨ ਕਿ "ਚਿੜੀਓਂ ਸੇ ਮੈਂ ਬਾਜ ਤੁੜਾਊਂ॥ ਤਬੀ ਗੋਬਿੰਦ ਸਿੰਘ ਨਾਮ ਕਹਾਊਂ॥" ਪਰ ਇਕ ਸ਼ਕਤੀਸ਼ਾਲੀ ਹਕੂਮਤ ਵਿਰੁੱਧ

ਇਕਨਲਾਬ ਦਾ ਝੰਡਾ ਬੁਲੰਦ ਕਰਨਾ ਕੋਈ ਆਸਾਨ ਕੰਮ ਨਹੀਂ ਸੀ। ਸੋ, ਅਜਿਹੇ ਅਸੰਭਵ ਕਾਰਜ ਨੂੰ ਸੰਭਵ ਬਣਾਉਣ ਲਈ ਕਿਸੇ ਚਮਤਕਾਰੀ ਢੰਗ ਦੀ ਲੋੜ ਸੀ। ਇਨਕਲਾਬ ਲਿਆਉਣ ਵਾਲੇ ਮਹਾਨ ਪੁਰਖਾਂ ਦੇ ਫ਼ੈਸਲੇ ਵਿਚ ਆਮ ਸਹਿਮਤੀ ਨਹੀਂ, ਬਲਕਿ ਡੂੰਘੀ ਸੋਚ ਅਤੇ ਦੂਰ-ਅੰਦੇਸ਼ੀ ਹੁੰਦੀ ਹੈ। ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜਿੱਥੇ ਇਕ ਆਲ੍ਹਾ ਦਰਜੇ ਦੇ ਦੂਰ-ਅੰਦੇਸ਼ ਸਨ, ਉਥੇ ਇਕ ਮਹਾਨ ਚਿੰਤਕ ਤੇ ਮਨੋਵਿਗਿਆਨੀ ਵੀ ਸਨ।

ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਨੇ ਇਕ ਡੂੰਘੀ ਚੁੱਭੀ ਮਾਰੀ ਅਤੇ 'ਸਵਾ ਲੱਖ ਨਾਲ ਇਕ ਨੂੰ ਭੜਾਉਣ' ਦੇ ਸਮਰੱਥ ਬਣਾਉਣ ਵਾਲੀ ਚਮਤਕਾਰੀ ਵਿਧੀ ਢੂੰਡ ਲਿਆਂਦੀ। ਇਹ ਵਿਧੀ ਸੀ - 'ਖੰਡੇ ਦਾ ਪਾਹੁਲ', ਯਾਨੀ ਅੰਮ੍ਰਿਤ ਛਕਾਉਣ ਦਾ ਸਿਧਾਂਤ। ਇਸ ਸਿਧਾਂਤ ਨੂੰ ਧੁਰਾ ਮਿੱਥ ਕੇ ਗੁਰੂ ਸਾਹਿਬ ਨੇ ਖ਼ਾਲਸੇ ਦੀ ਸਾਜਨਾ ਕੀਤੀ। ਤੁਸੀਂ ਵੇਖੋਗੇ ਕਿ ਖ਼ਾਲਸੇ ਦੀ ਸਾਜਨਾ ਦੁਨੀਆਂ ਦਾ ਇਕ ਮਹਾਨ ਇਨਕਲਾਬ ਸੀ, ਜਿਸ ਨੇ ਜੰਗਾਲ ਲੱਗੀ ਭਾਰਤੀ ਕੌਮ ਨੂੰ ਫ਼ੌਲਾਦ ਵਿਚ ਬਦਲ ਕੇ ਬੇਹੱਦ ਸ਼ਕਤੀਸ਼ਾਲੀ ਬਣਾ ਦਿੱਤਾ। 317 ਵਰ੍ਹੇ ਪਹਿਲਾਂ ਆਨੰਦਪੁਰ ਸਾਹਿਬ ਦੀ ਸਰਜ਼ਮੀਨ 'ਤੇ ਵਾਪਰੇ ਇਸ ਰਹੱਸਮਈ ਕ੍ਰਿਸ਼ਮੇ ਦੀ ਇਕ ਝਲਕ ਪੇਸ਼ ਹੈ -

30 ਮਾਰਚ, 1699 ਨੂੰ ਆਨੰਦਪੁਰ ਸਾਹਿਬ ਵਿਖੇ ਵਿਸਾਖੀ ਵਾਲੇ ਦਿਨ ਗੁਰੂ ਸਾਹਿਬ ਨੇ ਹੱਥ 'ਚ ਨੰਗੀ ਤਲਵਾਰ ਲੈ ਕੇ 80,000 ਦੇ ਵਿਸ਼ਾਲ ਇਕੱਠ ਨੂੰ ਮੁਖ਼ਾਤਿਬ ਹੁੰਦਿਆਂ, ਪੰਜ ਸਿਰਾਂ ਦੀ ਮੰਗ ਕੀਤੀ। ਜਿਨ੍ਹਾਂ ਪੰਜ ਸ਼ਰਧਾਲੂਆਂ ਨੇ ਆਪਣੇ ਸੀਸ ਭੇਟ ਕੀਤੇ, ਉਨ੍ਹਾਂ ਨੂੰ ਗੁਰੂ ਸਾਹਿਬ ਨੇ 'ਪੰਜ ਪਿਆਰੇ' ਦੀ ਸਮੂਹਿਕ ਉਪਾਧੀ ਦਿੱਤੀ। ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ 'ਖੰਡੇ ਦਾ ਪਾਹੁਲ', ਯਾਨੀ ਅੰਮ੍ਰਿਤ ਛਕਾਉਣ ਪਿੱਛੋਂ 'ਖ਼ਾਲਸੇ' ਦਾ ਨਾਂਅ ਦਿੱਤਾ ਅਤੇ ਹਰ ਇਕ ਨੂੰ ਆਪਣੇ ਨਾਂਅ ਦੇ ਨਾਲ 'ਸਿੰਘ' ਸ਼ਬਦ ਲਗਾਉਣ ਲਈ ਕਿਹਾ। ਫਿਰ ਗੁਰੂ ਸਾਹਿਬ ਨੇ ਖੁਦ 'ਪੰਜ ਪਿਆਰਿਆਂ' ਦੇ ਹੱਥੋਂ ਤਿਆਰ ਕੀਤੇ ਗਏ ਅੰਮ੍ਰਿਤ ਦਾ ਸੇਵਨ ਕੀਤਾ ਅਤੇ ਉਹ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ।

ਸਵਾਲ ਉੱਠਦਾ ਹੈ ਕਿ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਉਪਰੰਤ ਜੋ 'ਖ਼ਾਲਸਾ' ਦਾ ਨਾਂਅ ਦਿੱਤਾ, ਉਸ ਦਾ ਕੀ ਭਾਵ ਹੈ? 'ਖ਼ਾਲਸਾ' ਦਾ ਮਤਲਬ ਹੈ, ਸ਼ੁੱਧ ਆਜ਼ਾਦ ਹਸਤੀ, ਜੋ ਰਾਜਨੀਤਕ, ਸਮਾਜਿਕ, ਆਰਥਿਕ, ਧਾਰਮਿਕ ਤੇ ਸੱਭਿਆਚਾਰਕ ਪੱਖੋਂ ਕਿਸੇ ਦੀ ਗ਼ੁਲਾਮ ਨਹੀਂ ਹੈ। ਤੇ ਫਿਰ ਇਸ ਆਜ਼ਾਦ ਹਸਤੀ ਨੂੰ ਕਾਇਮ ਰੱਖਣ ਲਈ ਗੁਰੂ ਸਾਹਿਬ ਨੇ ਖ਼ਾਲਸੇ ਦੇ ਹੱਥ ਵਿਚ ਕਿਰਪਾਨ ਫੜਾਈ।

ਹਾਂ! ਜਦੋਂ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਤੋਂ ਖ਼ੁਦ ਅੰਮ੍ਰਿਤ ਛਕਿਆ ਤਾਂ ਉਸ ਸਮੇਂ ਗੁਰੂ-ਚੇਲਾ ਇਕ-ਮਿਕ ਹੋ ਗਏ, ਜਾਂ ਕਹਿ ਲਵੋ, ਖ਼ਾਲਸਾ ਹਰ ਪੱਖੋਂ ਗੁਰੂ ਹੀ ਬਣ ਗਿਆ। ਇਸ ਤੱਥ 'ਤੇ ਗੁਰੂ ਸਾਹਿਬ ਆਪਣੀ ਅਮਿੱਟ ਛਾਪ ਇਉਂ ਲਗਾਉਂਦੇ ਹਨ - "ਖ਼ਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹਉ ਕਰਉ ਨਿਵਾਸ।" ਗੁਰੂ ਸਾਹਿਬ ਨੇ ਖ਼ਾਲਸੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਿੱਖਾਂ ਦੇ ਸਾਰੇ ਫੈਸਲੇ ਕਰਨ ਦਾ ਅਧਿਕਾਰ ਦੇ ਦਿੱਤਾ। ਇਸ ਤਰ੍ਹਾਂ ਖ਼ਾਲਸੇ ਦੀ ਸਥਾਪਨਾ ਨਾਲ ਸਿੱਖ ਸਮਾਜ ਵਿਚ ਲੋਕਤੰਤਰੀ ਤੱਤਾਂ (DEMOCRATIC ELEMENTS) ਦਾ ਸੰਚਾਲਣ ਹੋਇਆ। ਖ਼ਾਲਸੇ ਦੀ ਸਥਾਪਨਾ ਦੇ ਫ਼ਲਸਰੂਪ ਸਿੱਖਾਂ ਵਿਚ ਨਵੀਂ ਭਾਵਨਾ ਤੇ ਸ਼ਕਤੀ ਦਾ ਸੰਚਾਰ ਹੋਇਆ। ਦੂਜਾ, ਖ਼ਾਲਸੇ ਦਾ ਰੂਪ ਧਾਰਨ ਕਰਨ ਉਪਰੰਤ, ਕਮਜ਼ੋਰ ਤੇ ਕਾਇਰ ਬਣ ਚੁੱਕੇ ਹਿੰਦੂਆਂ ਵਿਚ ਦਲੇਰੀ, ਬਹਾਦਰੀ ਅਤੇ ਆਤਮ-ਵਿਸ਼ਵਾਸ ਦੀਆਂ ਭਾਵਨਾਵਾਂ ਪੈਦਾ ਹੋ ਗਈਆਂ। ਇਵੇਂ ਹੀ, ਖ਼ਾਲਸੇ ਦੀ ਸਥਾਪਨਾ ਨਾਲ ਨੀਵੀਆਂ ਜਾਤੀਆਂ ਦੇ ਲੋਕਾਂ ਦਾ ਉਧਾਰ ਹੋਇਆ। ਇਨ੍ਹਾਂ ਲੋਕਾਂ ਵਿਚ ਅਸਾਧਾਰਨ ਜਾਗ੍ਰਿਤੀ ਅਤੇ ਜੋਸ਼ ਪੈਦਾ ਹੋ ਗਿਆ। ਉਹ ਬਹਾਦਰ ਯੋਧੇ ਅਤੇ ਸੱਚੇ ਦੇਸ਼ ਭਗਤ ਸਾਬਤ ਹੋਏ। ਉਨ੍ਹਾਂ ਨੇ ਮੁਗ਼ਲ ਹੁਕਮਰਾਨਾਂ ਨੂੰ ਵੰਗਾਰ ਕੇ ਮਾਰਿਆ ਅਤੇ ਖ਼ੁਦ ਹੁਕਮਰਾਨ ਬਣੇ। ਹੁਣ ਉੱਚੀਆਂ ਜਾਤੀਆਂ ਦੇ ਲੋਕ ਉਨ੍ਹਾਂ ਨੂੰ ਝੁਕ-ਝੁਕ ਕੇ ਸਲਾਮਾਂ ਕਰਨ ਲੱਗੇ। ਸੋ, "ਖ਼ਾਲਸੇ ਦੀ ਸਿਰਜਣਾ ਇਤਿਹਾਸ ਦਾ ਇਕ ਉੱਤਮ ਫ਼ਲਦਾਇਕ ਕਾਰਨਾਮਾ ਸੀ, ਜੋ ਲੋਕਾਂ ਦੇ ਮਨਾਂ ਵਿਚ ਕ੍ਰਾਂਤੀਕਾਰੀ ਪਰਿਵਰਤਨ ਲੈ ਆਇਆ।" - ਪ੍ਰੋ. ਹਰਬੰਸ ਸਿੰਘ।

ਖ਼ਾਲਸੇ ਦੇ ਜਨਮ ਤੋਂ ਬਾਅਦ ਸਿੱਖ ਧਰਮ ਨੇ ਇਕ ਤਿੱਖਾ ਮੋੜ ਕੱਟਿਆ ਅਤੇ ਭਾਰਤ ਦੇ ਇਤਿਹਾਸ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਸ ਘਟਨਾ ਨੇ ਸਿੱਖਾਂ ਵਿਚ ਸਵੈਮਾਨਤਾ, ਬੀਰ-ਰਸ, ਚੜ੍ਹਦੀ ਕਲਾ ਅਤੇ ਸੱਚ ਤੇ ਹੱਕ ਦਾ ਜਜ਼ਬਾ ਪੈਦਾ ਕੀਤਾ ਅਤੇ ਉਨ੍ਹਾਂ ਵਿਚ ਨਵੀਂ ਚੇਤਨਾ ਭਰ ਕੇ ਨਵ-ਜੀਵਨ ਬਖ਼ਸ਼ਿਆ, ਸਹੀ ਜੀਵਨ-ਜਾਚ ਦੱਸੀ ਅਤੇ ਅਣਖ ਨਾਲ ਜਿਊਣਾ ਤੇ ਮਰਨਾ ਸਿਖਾਇਆ। ਫਿਰ ਜਦੋਂ ਉਸ ਅਗੰਮੜੇ ਮਰਦ ਦਾ ਸਾਜਿਆ-ਨਿਵਾਜਿਆ ਖ਼ਾਲਸਾ ਹੱਥਾਂ ਵਿਚ ਸ਼ਮਸ਼ੀਰ ਲੈ ਕੇ ਮੈਦਾਨ ਵਿਚ ਨਿੱਤਰਿਆ ਤਾਂ ਤਖ਼ਤਾਂ ਤੇ ਤਾਜਾਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ। ਖ਼ਾਲਸੇ ਦੀ ਸਾਜਨਾ ਤੋਂ ਕੇਵਲ 11 ਸਾਲਾਂ ਬਾਅਦ ਹੀ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਨੂੰ ਮੈਦਾਨ-ਏ-ਜੰਗ ਵਿਚ ਮੌਤ ਦੇ ਘਾਟ ਉਤਾਰ ਕੇ ਪਹਿਲੇ ਸਿੱਖ ਰਾਜ ਦੀ ਸਥਾਪਨਾ ਕੀਤੀ। ਫਿਰ ਵੱਡੇ-ਵੱਡੇ ਸ਼ਹੀਦੀ ਸਾਕਿਆਂ ਤੇ ਘੱਲੂਘਾਰਿਆਂ ਵਿਚੋਂ ਗੁਜ਼ਰਦਿਆਂ, ਖ਼ਾਲਸੇ ਨੇ ਆਪਣੀ ਚੜ੍ਹਤ ਬਣਾਈ ਰੱਖੀ ਅਤੇ ਵੱਡੀਆਂ ਮੱਲਾਂ ਮਾਰੀਆਂ। ਫ਼ਲਸਰੂਪ, ਸਿੱਖ ਮਿਸਲਾਂ/ਰਿਆਸਤਾਂ ਹੋਂਦ ਵਿਚ ਆਈਆਂ। ਖ਼ਾਲਸਾ ਆਪਣੇ ਮਿੱਥੇ ਹੋਏ ਨਿਸ਼ਾਨੇ ਵੱਲ ਨਿਰੰਤਰ ਵਧਦਾ ਰਿਹਾ। ਦਿੱਲੀ ਨੂੰ ਕਈ ਵਾਰ ਫ਼ਤਹਿ ਕੀਤਾ। ਇਤਿਹਾਸ ਦੀਆਂ ਨਜ਼ਰਾਂ ਨੇ ਉਹ ਵਕਤ ਵੀ ਵੇਖਿਆ ਹੈ, ਜਦੋਂ ਖ਼ਾਲਸੇ ਨੇ 11 ਮਾਰਚ, 1783 ਈ. ਨੂੰ ਤਿੰਨ ਪ੍ਰਮੁੱਖ ਮਿਸਲਦਾਰਾਂ - ਸ. ਜੱਸਾ ਸਿੰਘ ਆਹਲੂਵਾਲੀਆ, ਸ. ਬਘੇਲ ਸਿੰਘ ਤੇ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਕਮਾਨ ਹੇਠ ਦਿੱਲੀ 'ਤੇ ਜਿੱਤ ਪ੍ਰਾਪਤ ਕਰਕੇ ਲਾਲ ਕਿਲ੍ਹੇ ਉੱਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾਅ ਦਿੱਤਾ।

ਸੋ, ਤੁਸੀਂ ਵੇਖ ਹੀ ਲਿਆ ਹੈ ਕਿ "ਖ਼ਾਲਸੇ ਦੀ ਸਥਾਪਨਾ, ਦੇਸ਼ ਦੇ ਧਾਰਮਿਕ ਅਤੇ ਰਾਜਨੀਤਕ ਇਤਿਹਾਸ ਵਿਚ ਇਕ ਯੁੱਗ-ਪਲਟਾਊ ਘਟਨਾ ਸੀ।" - ਡਾ. ਹਰੀ ਰਾਮ ਗੁਪਤਾ। ਇਸ ਕਾਰਨਾਮੇ ਨਾਲ ਪੰਜਾਬ ਦੇ ਇਤਿਹਾਸ 'ਤੇ ਡੂੰਘੇ ਤੇ ਚਿਰਸਥਾਈ ਪ੍ਰਭਾਵ ਪਏ। ਜਿਨ੍ਹਾਂ ਬੰਦਿਆਂ ਨੇ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ, ਘੋਖਿਆ ਤੇ ਵਿਚਾਰਿਆ ਹੈ, ਉਨ੍ਹਾਂ ਨੂੰ ਪਤਾ ਹੈ ਕਿ ਸਿੱਖ ਸਮਾਜ ਵਿਚ ਨਵੀਆਂ ਪ੍ਰਸਥਿਤੀਆਂ ਨਾਲ ਸੰਘਰਸ਼ ਕਰਨ ਲਈ ਪਹਿਲਾਂ ਤੋਂ ਹੀ ਸਮੇਂ-ਸਮੇਂ ਸਿਰ ਨਵੀਆਂ ਇਨਕਲਾਬੀ ਲਹਿਰਾਂ ਉੱਠਦੀਆਂ ਰਹੀਆਂ ਹਨ, ਪਰ ਇਨਕਲਾਬ ਦਾ ਜੋ ਤੂਫ਼ਾਨ ਖ਼ਾਲਸੇ ਦੀ ਸਾਜਨਾ ਤੋਂ ਬਾਅਦ ਝੁੱਲਿਆ, ਉਹ ਆਪਣੀ ਮਿਸਾਲ ਆਪ ਸੀ। ਇਸ ਤੇਜ਼ ਤੇ ਤਿੱਖੇ ਤੂਫ਼ਾਨ ਨੇ ਪੰਜਾਬ ਅੰਦਰ ਮੁਗ਼ਲ ਹਕੂਮਤ ਨੂੰ ਜੜ੍ਹੋਂ ਪੁੱਟ ਸੁੱਟਿਆ ਅਤੇ ਖ਼ਾਲਸੇ ਦੀ ਸਿਰਜਣਾ ਤੋਂ ਪੂਰੀ ਇਕ ਸਦੀ ਬਾਅਦ, 1799 ਈ. ਵਿਚ ਸਿੱਖ ਪੰਜਾਬ ਦੇ ਮਾਲਕ ਬਣ ਬੈਠੇ, ਕੈਥਲ-ਕਰਨਾਲ ਤੋਂ ਲੈ ਕੇ ਦੱਰਾ ਖ਼ੈਬਰ ਤੱਕ।

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਸ. ਗੁਰਦਿੱਤ ਸਿੰਘ ਜੀ ਆਸਟਰੇਲੀਆ ਵਾਲਿਆਂ ਦੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਮ ਵਸੀਅਤ

ਸ. ਗੁਰਦਿੱਤ ਸਿੰਘ ਜੀ ਦਾ ਜਨਮ ਪਿੰਡ ਸੰਤਪੁਰਾ ਜ਼ਿਲ੍ਹਾ ਗੁਜਰਾਤ ਦਾ ਸੀ। ਕਈ ਸਾਲਾਂ ਤੋਂ ਆਸਟਰੇਲੀਆ ਵਿਚ ਕੱਪੜੇ ਦਾ ਵਪਾਰ ਕਰਦੇ ਸਨ। ਇਨ੍ਹਾਂ ਦਾ ਕੋਈ ਬੱਚਾ ਨਹੀਂ ਸੀ। ਸਿੰਘਣੀ ਨੂੰ ਨਾਲ ਨਹੀਂ ਸਨ ਲਿਜਾਂਦੇ। ਇਕੱਲੇ ਹੀ ਉਥੇ ਜਾ ਕੇ ਵਪਾਰ ਕਰਦੇ ਸਨ। ਇਨ੍ਹਾਂ ਦਾ ਇਕ ਭਰਾ ਸ. ਲਾਲ ਸਿੰਘ ਸੀ, ਉਸ ਦਾ ਵਪਾਰ ਦਾ ਕੰਮ ਇਥੇ ਹੀ ਚੰਗਾ ਸੀ। ਕਈ ਵੇਰ ਸ. ਗੁਰਦਿੱਤ ਸਿੰਘ ਨੇ ਭਰਾ ਨੂੰ ਆਸਟਰੇਲੀਆ ਮੰਗਾਉਣ ਦਾ ਯਤਨ ਕੀਤਾ, ਪਰ ਸ. ਲਾਲ ਸਿੰਘ ਕਹਿੰਦੇ ਕਿ ਮੇਰਾ ਇਥੇ ਹੀ ਆਸਟਰੇਲੀਆ ਹੈ। ਦੇਵਨਾਤ ਕੁਦਰਤ ਦੀ ਖੇਲ! ਸ. ਗੁਰਦਿੱਤ ਸਿੰਘ ਜੀ ਦੀ ਮੌਤ ਹੋ ਗਈ। ਆਪਣੀ ਮੌਤ ਤੋਂ ਪਹਿਲਾਂ ਉਹਨਾਂ ਨੇ ਆਸਟਰੇਲੀਆ ਦੇ ਮਕਾਨ, ਬੈਂਕਾਂ ਦਾ ਰੁਪਇਆ ਆਦਿ ਸਾਰੀ ਜਾਇਦਾਦ ਦੀ ਵਸੀਅਤ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਮ ਕਰ ਦਿੱਤੀ। ਮਹਾਂਪੁਰਖਾਂ ਨੇ ਸ. ਗੁਰਦਿੱਤ ਸਿੰਘ ਜੀ ਦੇ ਭਰਾ ਭਾਈ ਲਾਲ ਸਿੰਘ ਜੀ ਨੂੰ ਆਸਟਰੇਲੀਆ ਮੁਖਤਾਰਨਾਮਾ ਦੇ ਕੇ ਭੇਜਿਆ। ਇਨ੍ਹਾਂ ਉਥੇ ਜਾ ਕੇ ਮਕਾਨ ਵੇਚੇ। ਉਸਦੀ ਰਕਮ ਭੀ ਅਤੇ ਬੈਂਕਾਂ ਵਿਚ ਜੋ ਰਕਮ ਸੀ, ਉਹ ਭੀ ਸਭ ਹਿੰਦੁਸਤਾਨ ਦੇ ਬੈਂਕ ਪੰਜਾਬ ਨੈਸ਼ਨਲ ਬੈਂਕ ਵਿਚ ਜਾਂ ਜਿਥੇ ਕਿ ਆਪ ਜੀ ਦਾ ਅਕਾਊਂਟ ਸੀ, ਟਰਾਂਸਫਰ ਕਰਾ ਦਿੱਤੀ ਅਤੇ ਕੁੱਝ ਦਿਨਾਂ ਪਿਛੋਂ ਸਾਰੀ ਕਾਰਵਾਈ ਕਰਕੇ ਭਾਈ ਲਾਲ ਸਿੰਘ ਵਾਪਸ ਆ ਗਏ।

## ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸੇਵਾ ਦਾ ਫਲ

ਸ. ਗੁਰਦਿੱਤ ਸਿੰਘ ਜੀ ਦੀ ਇਹ ਸਾਰੀ ਰਕਮ ਕਿਸੇ ਕੰਪਨੀ ਦੇ ਪਾਸ ਜਮ੍ਹਾਂ ਸੀ। ਉਸ ਨਾਲ ਲਿਖਾਪੜ੍ਹੀ ਦੀ ਸਾਰੀ ਕਾਰਵਾਈ ਅੰਗਰੇਜ਼ੀ ਵਿਚ ਮੁਰਾਲੇ ਦੇ ਚੌਧਰੀ ਫਜ਼ਲ ਅਲਾਹੀ ਜੋ ਨਵੇਂ-ਨਵੇਂ ਹੀ ਵਕੀਲ ਬਣੇ ਸਨ, ਉਹ ਲਿਖ ਕੇ ਕਰਦੇ ਰਹੇ। ਚੌਧਰੀ ਫਜ਼ਲ ਅਲਾਹੀ ਉਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਬੜੇ ਖੁਸ਼ ਸਨ ਅਤੇ ਜਦੋਂ ਭੀ ਆਪ ਬੁਲਾਉਂਦੇ ਉਦੋਂ ਝੱਟ ਆ ਜਾਂਦੇ। ਆਪ ਜੀ ਦੇ ਉੱਤੇ ਬੜੀ ਸ਼ਰਧਾ ਰੱਖਦੇ ਸੀ। ਸੰਤ ਬਾਬਾ ਪ੍ਰੇਮ ਸਿੰਘ ਜੀ ਕਿਸੇ ਪਾਸੋਂ ਐਵੇਂ ਕੰਮ ਨਹੀਂ ਸੀ ਕਰਾਉਂਦੇ। ਜੋ ਕਿਸੇ ਦਾ ਹੱਕ ਬਣਦਾ ਹੋਵੇ ਉਸ ਤੋਂ ਵੱਧ ਉਸ ਨੂੰ ਦੇ ਕੇ ਖੁਸ਼ੀ ਪ੍ਰਗਟ ਕਰਦੇ ਸਨ। ਇਹ ਤਾਂ ਦਾਸ ਨੂੰ ਪਤਾ ਨਹੀਂ ਕਿ ਉਸ ਨੂੰ ਕੀ ਦਿੱਤਾ ਸੀ, ਪਰ ਉਸ ਨੂੰ ਉਸ ਦੇ ਕੰਮ ਬਦਲੇ ਕਾਫੀ ਰਕਮ ਦੇ ਕੇ ਖੁਸ਼ ਕੀਤਾ। ਚੌਧਰੀ ਫਜ਼ਲ ਅਲਾਹੀ ਨੇ ਬੜੀ ਸ਼ਰਧਾ ਅਤੇ ਪਿਆਰ ਨਾਲ ਸੇਵਾ ਕੀਤੀ, ਜਿਸ ਦਾ ਫਲ ਚੌਧਰੀ ਫਜ਼ਲ ਅਲਾਹੀ ਨੂੰ ਇਹ ਪ੍ਰਾਪਤ ਹੋਇਆ ਕਿ ਅੱਗੇ ਜਾ ਕੇ ਭੁਟੋ ਦੇ ਸਮੇਂ ਵਿਚ ਉਹ ਪਾਕਿਸਤਾਨ ਦੇ ਰਾਸ਼ਟਰਪਤੀ ਬਣੇ ਅਤੇ ਉਨ੍ਹਾਂ ਦਾ ਸਾਰਾ ਪਰਿਵਾਰ ਅੱਜ ਤੱਕ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਰਿਣੀ ਹੈ। ਚੌਧਰੀ ਫਜ਼ਲ ਅਲਾਹੀ ਦੀ ਮੌਤ ਪਿਛੋਂ ਭੀ ਉਨ੍ਹਾਂ ਦੇ ਭਰਾ ਨੇ ਆਪਣੇ ਦਫ਼ਤਰ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਫੋਟੋ ਹੁਣ ਤੱਕ ਰੱਖੀ ਹੋਈ ਹੈ, ਜੋ ਦਾਸ ਦਾ ਲੜਕਾ ਮੁਰਾਲੇ ਵੇਖ ਕੇ ਆਇਆ ਹੈ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਜੋ ਉਨ੍ਹਾਂ ਦੇ ਪਰਿਵਾਰ ਤੇ ਉਪਕਾਰ ਕੀਤੇ ਸਨ, ਉਹ ਯਾਦ ਕਰਦੇ ਹਨ ਤੇ ਉਨ੍ਹਾਂ ਦੇ ਗੁਣ ਗਾਉਂਦੇ ਹਨ।

## Foundation Day Celebration

The Foundation day of BMSLF, Chandigarh falling on 27.04.2022, which is to be celebrated by the Foundation at HQ, Chandigarh. (As per precedent)

The programme is as follow:-

Arambh of Sukhmani Sahib path = 10.00am

Kirtan Darbar and Ardas = 1.00pm

followed by Guru Ka Langar.

**ALL MEMBERS OF BMSLF ARE INVITED**

**President & General Secretary**
**BMSLF, Chandigarh**

# ਮਾੜੇ ਚੰਗੇ ਰੀਤੀ-ਰਿਵਾਜ਼




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**


ਸਮਾਜ ਵਿਚ ਵਿਚਰਦਿਆਂ ਰੀਤੀ-ਰਿਵਾਜ਼ ਅਤੇ ਵਹਿਮ-ਭਰਮ ਮਨੁੱਖੀ ਜ਼ਿੰਦਗੀ ਵਿਚ ਬੜੀ ਅਹਿਮੀਅਤ ਰੱਖਦੇ ਨੇ। ਇੰਜ ਜਾਪਦਾ ਹੈ ਕਿ ਪੁਰਾਣੇ ਬਜ਼ੁਰਗਾਂ ਨੇ ਨਰੋਏ ਸਮਾਜ ਲਈ ਮਨੁੱਖ ਨੂੰ ਕੁਝ ਕੁ ਹਕੀਕਤਾਂ ਤੇ ਨਿਰਭਰ ਜੀਵਨ ਜਾਂਚ ਨੂੰ ਅਧਾਰ ਮੰਨਣ ਲਈ ਕੁਝ ਕੁ ਨੁਕਤਿਆਂ ਨੂੰ ਆਪਣੇ ਜੀਵਨ ਵਿਚ ਮਨਜ਼ੂਰ ਕਰਨ ਜਾਂ ਮੰਨ ਲੈਣ ਲਈ ਸਿਖਿਆਵਾਂ ਨੂੰ ਲਾਗੂ ਕਰਨ ਲਈ ਕੁਝ ਰਿਵਾਜ਼ ਜਾਂ ਬੰਦਸ਼ਾਂ ਨਾਲ ਜੋੜਨ ਦੇ ਵਹਿਮ ਸਮਾਜ ਵਿਚ ਚੇਤ ਜਾਂ ਅਚੇਤ ਤੌਰ ਤੇ ਲਾਗੂ ਕਰ ਦਿੱਤੇ ਜਾਂ ਇਹ ਕਹਿ ਲਵੋ ਕਿ ਸਮੇਂ ਦੇ ਬੀਤਣ ਦੇ ਨਾਲ ਆਪਣੇ ਆਪ ਸਥਾਪਿਤ ਹੋ ਗਏ। ਕਿਸੇ ਵੀ ਸੁਧਾਰਵਾਦੀ ਕੰਮ ਨੂੰ ਲਾਗੂ ਕਰਨ ਲਈ ਇਹ ਕਰਨਾ ਜਾਂ ਇਹ ਨਾਂ ਕਰਨ ਦੀ ਹਦਾਇਤ ਸ਼ਾਇਦ ਇੰਨੀ ਜਲਦੀ ਮਨੁੱਖ ਆਪਣੀ ਜ਼ਿੰਦਗੀ ਵਿਚ ਲਾਗੂ ਨਾਂ ਕਰ ਸਕਦਾ ਜਿੰਨਾਂ ਕਿ ਉਹ ਇਹ ਕਰਨ ਨਾਲ, ਇਹ ਵਿਗਾੜ ਹੋ ਸਕਦਾ ਹੈ, ਦਾ ਡਰ ਜੋੜਨ ਨਾਲ ਮਨੁੱਖ ਉਸ ਕੰਮ ਨੂੰ ਕਰਨ ਤੋਂ ਸੰਕੋਚ ਕਰਦਾ ਹੈ। ਪੁਰਾਣੇ ਬਜ਼ੁਰਗਾਂ ਦਾ ਇਹ ਕਹਿਣਾ ਕਿ ਮੰਜਾ ਦੌਣ ਵਾਲੇ ਪਾਸੇ ਤੋਂ ਉੱਪਰ ਨੂੰ ਖੜ੍ਹਾ ਕਰਨ ਨਾਲ ਜਾਂ ਝਾੜੂ ਸਿੱਧਾ ਖੜ੍ਹਾ ਕਰਨ ਨਾਲ ਅਕਾਲ ਪੈ ਜਾਂਦਾ ਹੈ, ਪਿੱਛੇ ਸ਼ਾਇਦ ਗਰਮੀ ਨਾਲ ਮੰਜਾ ਦੌਣ ਵਾਲਾ ਪਾਸਾ ਉੱਪਰ ਹੋਣ ਨਾਲ ਉਸ ਦੀ ਖਾਲੀ ਜਗ੍ਹਾ ਉੱਪਰ ਵਾਲੇ ਪਾਸੇ ਹੋਣ ਕਾਰਨ ਟੇਡਾ ਹੋ ਸਕਦਾ ਹੈ, ਨੂੰ ਰੋਕਣ ਲਈ ਹਦਾਇਤ ਲਾਗੂ ਕਰਨਾ ਸੀ ਜਾਂ ਝਾੜੂ ਉੱਪਰ ਨੂੰ ਖੜ੍ਹਾ ਕਰਨ ਨਾਲ ਉਸ ਦੇ ਅੰਦਰ ਕੋਈ ਸੱਪ ਕੀੜਾ ਚੜ੍ਹ ਸਕਦਾ ਹੈ ਨੂੰ ਰੋਕਣ ਲਈ ਨਾਲ ਡਰ ਜੋੜ ਦਿੱਤਾ ਗਿਆ। ਕਿਸੇ ਸ਼ੁਭ ਕੰਮ ਲਈ ਜਾਣ ਵੇਲੇ ਰਸਤੇ ਵਿਚ ਬ੍ਰਾਹਮਣ ਦਾ ਮਿਲਣਾ, ਬਿੱਲੀ ਦਾ ਰਸਤਾ ਕੱਟਣਾ, ਘਰੋਂ ਨਿਕਲਦੇ ਵਿਅਕਤੀ ਨੂੰ ਖਾਲੀ ਟੋਕਰਾ ਜਾਂ ਖਾਲੀ ਬਰਤਨ ਮਿਲਣਾ, ਕਿਸੇ ਕੰਮ ਨੂੰ ਜਾਣ ਲੱਗਿਆਂ ਪਿਛੋਂ ਛਿੱਕ ਵੱਜਣੀ, ਰਾਤ ਵੇਲੇ ਕਿਸੇ ਚੰਗੇ ਕੰਮ ਲਈ ਸਲਾਹ ਕਰਨੀ, ਕਿਸੇ ਕੰਮ ਜਾਣ ਲੱਗਿਆਂ ਜਾਂ ਸਲਾਹ ਕਰਨ ਲੱਗਿਆਂ ਕੁੱਤੇ ਦਾ ਕੰਨ ਮਾਰਨਾ, ਘਰ ਤੋਂ ਤੁਰੇ ਬੰਦੇ ਨੂੰ ਪਿਛੋਂ ਹਾਕ ਮਾਰਨਾ ਬੜਾ ਬੁਰਾ ਮੰਨਿਆ ਜਾਂਦਾ ਹੈ ਭਾਵੇਂ ਕਿ ਇਹਨਾਂ ਪਿਛੇ ਕੋਈ ਵਿਗਿਆਨਕ ਕਾਰਨ ਜਾਂ ਸੋਚ ਨਹੀਂ ਹੁੰਦੀ ਪਰ ਕੁਝ ਵਿਅਕਤੀਆਂ ਵਲੋਂ ਸੁਣੀਆਂ ਸੁਣਾਈਆਂ ਗੱਲਾਂ ਤੇ ਮਿਥਿਹਾਸਿਕ ਕਹਾਣੀਆਂ ਦੇ ਅਧਾਰ ਤੇ ਹੀ ਇਹ ਮਨੌਤਾਂ ਬਣੀਆਂ ਹੋਣਗੀਆਂ। ਪ੍ਰੰਤੂ ਇੰਜ ਹੋਣ ਨਾਲ ਤੁਹਾਡਾ ਨੁਕਸਾਨ ਹੋ ਸਕਦਾ ਹੈ ਜਾਂ ਇਸ ਤਰ੍ਹਾਂ ਕਰਨ ਨਾਲ ਚੰਗਾ ਨਹੀਂ ਵਾਪਰਦਾ ਦਾ ਡਰ ਹੀ ਇਹਨਾਂ ਗੱਲਾਂ ਨੂੰ ਮੰਨਣ ਜਾਂ ਕਰਨ ਦਾ ਕਾਰਣ ਬਣਦਾ ਹੈ। ਜਿਥੇ ਇਹ ਨਾਂ ਕਰਨ ਤੇ ਕੁਝ ਬੁਰਾ ਹੋ ਸਕਦਾ ਹੈ ਦੀ ਸੋਚ ਹੈ ਉਥੇ ਕੁਝ ਕੁ ਅਜਿਹੇ ਵਹਿਮ ਜਾਂ ਰਿਵਾਜ਼ ਹਨ ਜੋ ਹਾਂ ਪੱਖੀ ਵੀ ਹਨ ਜਿਹਨਾਂ ਦੇ ਹੋਣ ਨਾਲ ਕੁਝ ਸ਼ੁੱਭ ਹੋਣ ਦਾ ਸਬੱਬ ਬਣ ਸਕਦਾ ਹੈ। ਜਿਵੇਂ ਸੱਪ ਤੇ ਨਿਉਲੇ ਦੀ ਲੜਾਈ ਦੇਖਣੀ, ਤਿੱਤਰ ਦਾ ਬੋਲਣਾ ਜਾਂ ਦਿਖਣਾ, ਕਿਸੇ ਕੰਮ ਨੂੰ ਜਾਣ ਲੱਗੇ ਕਿਸੇ ਕੰਮੀ ਕਮੀਣ ਦਾ ਮੱਥੇ ਲੱਗਣਾ, ਦੂਜ ਜਾਂ ਤੀਜ ਦਾ ਚੰਨ ਵੇਖਣਾ, ਕਿਸੇ ਕੰਮ ਜਾਣ ਲੱਗੇ ਪਾਣੀ ਦਾ ਘੜਾ ਜਾਂ ਹਰੇ ਚਾਰੇ ਦਾ ਮਿਲਣਾ, ਘੁਮਿਆਰ ਦੇ ਗਧੇ ਦਾ ਉੱਚੀ ਹੀਂਗਣਾ ਆਦਿ।

ਪੰਜਾਬੀ ਸੱਭਿਆਚਾਰ ਵਿਚ ਇਹ ਵਹਿਮ ਭਰਮ ਸਾਡੇ ਜੀਵਨ ਨਾਲ ਇਸ ਤਰ੍ਹਾਂ ਜੁੜੇ ਹੋਏ ਨੇ ਕਿ ਸਾਡਾ ਕੋਈ ਵੀ ਕੰਮ ਇੰਨਾ ਤੋਂ ਬਿਨਾਂ ਪੂਰਾ ਨਹੀਂ ਸਮਝਿਆ ਜਾਂਦਾ ਪਰ ਹੁਣ ਵਿਗਿਆਨਕ ਉੱਨਤੀ ਅਤੇ ਗਿਆਨ ਵਿਚ ਵਾਧਾ ਹੋਣ ਨਾਲ ਵਹਿਮਾਂ-ਭਰਮਾਂ ਦੀ ਪਕੜ ਕਾਫੀ ਹੱਦ ਤੱਕ ਘੱਟ ਗਈ ਹੈ। ਮਨੁੱਖੀ ਮਾਨਸਿਕ ਅਵਚੇਤਨ ਵਿਚ ਕਿਤੇ ਨਾਂ ਕਿਤੇ ਇਹ ਵਹਿਮ ਭਰਮ ਆਪਣੀ ਥਾਂ ਰੱਖਦੇ ਹਨ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਘੱਟ ਪੜ੍ਹੇ ਲਿਖੇ ਜਾਂ ਅਨਪੜ੍ਹ ਲੋਕ ਹੀ ਜ਼ਿਆਦਾ ਵਹਿਮ-ਭਰਮ ਕਰਦੇ ਹਨ ਪਰ ਪੜ੍ਹੇ ਲਿਖੇ ਵੀ ਇਹਨਾਂ ਤੋਂ ਮੁਕਤ ਨਹੀਂ ਹਨ।

ਬਾਇਬਲ ਅਨੁਸਾਰ "ਅਜਿਹਾ ਕੋਈ ਵੀ ਰਿਵਾਜ਼ ਨਹੀਂ ਹੈ, ਜੋ ਕਿਸੇ ਨਾ ਕਿਸੇ ਵੇਲੇ ਜਾਂ ਥਾਂ ਗਲਤ ਨਾ ਸਮਝਿਆ ਗਿਆ ਹੋਵੇ ਅਤੇ ਜੋ ਕਿਸੇ ਹੋਰ ਵੇਲੇ ਜਾਂ ਥਾਂ ਫਰਜ਼ ਵਜੋਂ ਪੂਰਾ ਨਾ ਕੀਤਾ ਗਿਆ ਹੋਵੇ।" ਕਈ ਰਿਵਾਜ਼ ਜੋ ਪਹਿਲਾਂ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਸਮਝੇ ਜਾਂਦੇ ਸਨ, ਕੁਝ ਸਮੇਂ ਬਾਅਦ ਗਲਤ ਸਮਝੇ ਗਏ ਹਨ। ਇਹ ਸੰਸਾਰ ਦਾ ਰੰਗ ਢੰਗ ਬਦਲਦਾ ਹੀ ਰਹਿੰਦਾ ਹੈ। ਹਰੇਕ ਥਾਂ ਤੇ ਇਹ ਰਿਵਾਜ਼ ਜੁਦੇ-ਜੁਦੇ ਹੁੰਦੇ ਹਨ। ਹੋ ਸਕਦਾ ਹੈ ਕਿ ਕੁਝ ਰਿਵਾਜ਼ ਲੋਕਾਂ ਨੂੰ ਸੁਧਾਰਨ ਲਈ ਸ਼ੁਰੂ ਕੀਤੇ ਗਏ ਹੋਣ ਜਿਵੇਂ ਇਕ ਦੂਜੇ ਨੂੰ ਮਿਲਣ ਦੀ ਤਮੀਜ਼, ਤਮੀਜ਼ ਨਾਲ ਉੱਠਣਾ ਬੈਠਣਾ ਤੇ ਰੋਟੀ ਖਾਣੀ। ਮਨੁੱਖੀ ਰਿਸ਼ਤਿਆਂ ਨੂੰ ਚੰਗੀ ਤਰ੍ਹਾਂ ਬਣਾਈ ਰੱਖਣ ਲਈ ਤਮੀਜ਼ ਬਹੁਤ ਜ਼ਰੂਰੀ ਹੈ।

ਮਨੁੱਖ ਦੀ ਜ਼ਿੰਦਗੀ ਵਿਚ ਖੁਸ਼ੀ ਗ਼ਮੀ ਦੇ ਸਮੇਂ ਆਉਂਦੇ ਹੀ ਰਹਿੰਦੇ ਹਨ। ਇਹਨਾਂ ਦੋਵਾਂ ਦਾ ਜ਼ਿੰਦਗੀ ਨਾਲ ਘੱਟ ਸਬੰਧ ਹੈ। ਸਮਾਜ ਵਿਚ ਵਿਚਰਦਿਆਂ ਖੁਸ਼ੀ ਅਤੇ ਗ਼ਮੀ ਦੇ ਦੋਨੋਂ ਸਮਿਆਂ ਵੇਲੇ ਇਹ ਰਸਮਾਂ ਅਦਾ ਕਰਨੀਆਂ ਹੀ ਪੈਂਦੀਆਂ ਹਨ। ਇਹ ਰਸਮਾਂ ਅਤੇ ਰੀਤੀ ਰਿਵਾਜ਼ਾਂ ਦਾ ਰੂਪ ਜਾਂ ਦਿੱਖ ਜ਼ਰੂਰ ਬਦਲ ਗਈ ਹੈ। ਬੱਚੇ ਦੇ ਜਨਮ ਤੋਂ ਲੈ ਕੇ ਬਚਪਨ, ਜਵਾਨੀ, ਬੁਢੇਪਾ ਤੇ ਮੌਤ ਨਾਲ ਜੁੜੇ ਵੱਖਰੇ-ਵੱਖਰੇ ਰਿਵਾਜ਼ ਪ੍ਰਚਲਤ ਹਨ। ਜਦੋਂ ਬੱਚਾ ਪੈਦਾ ਹੁੰਦਾ ਹੈ ਤਾਂ ਵਧਾਈਆਂ ਲੈਣ ਦੇਣ ਦੇ ਨਾਲ-ਨਾਲ ਨਵੇਂ ਬੱਚੇ ਨੂੰ ਗੁੜਤੀ ਦੇਣ ਵਾਲੇ ਵਰਗਾ ਹੋਵੇਗਾ। ਜਣੇਪੇ ਦੇ ਪੰਜ ਦਿਨ ਪਿਛੋਂ ਮਾਂ ਤੇ ਬੱਚੇ ਨੂੰ ਨੁਹਾਇਆ ਜਾਂਦਾ ਹੈ। ਜੇਕਰ ਨਵਾਂ ਬੱਚਾ

ਮੁੰਡਾ ਹੋਵੇ ਤਾਂ ਘਰ ਦੇ ਬਾਹਰਲੇ ਦਰਵਾਜ਼ੇ ਨਾਲ ਨਿੰਮ ਜਾਂ ਸ਼ਰੀਂਹ ਦੇ ਪੱਤਿਆਂ ਦੇ ਬਣਾਏ ਸਿਹਰੇ ਬੰਨ੍ਹੇ ਜਾਂਦੇ ਹਨ। ਇਹ ਸਿਰਫ਼ ਮੁੰਡਿਆਂ ਦੇ ਜੰਮਣ ਲਈ ਕੀਤੀ ਜਾਂਦਾ ਹੈ। ਕੁੜੀ ਨਾਲੋਂ ਮੁੰਡੇ ਦੇ ਬਚਪਨ ਵਿਚ ਮੁੰਡੇ ਨੂੰ ਵੱਧ ਲਾਡ ਪਿਆਰ ਤੇ ਸਹੂਲਤਾਂ ਭਰੀ ਦੇਖਭਾਲ ਕੀਤੀ ਜਾਂਦੀ ਹੈ। ਕੁੜੀਆਂ ਨੂੰ ਉਸ ਪੱਧਰ ਦੀ ਦੇਖਭਾਲ ਤੇ ਪਿਆਰ ਨਹੀਂ ਮਿਲਦਾ। ਜਦੋਂ ਬੱਚਾ ਵੱਡਾ ਹੁੰਦਾ ਹੈ ਤਾਂ ਉਸ ਦੇ ਵਿਆਹ ਸਬੰਧੀ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਨੇ। ਲੜਕੀ ਦੀ ਭਾਲ ਕਰਕੇ ਪਹਿਲਾਂ ਰੋਕਾ ਕੀਤਾ ਜਾਂਦਾ ਹੈ। ਰੋਕਿਆਂ ਤੇ ਤੀਹ-ਤੀਹ, ਪੈਂਤੀ-ਪੈਂਤੀ ਜੀਅ ਲੈ ਕੇ ਕੁੜੀ ਵਾਲਿਆਂ ਦੇ ਘਰ ਜਾਣਾ ਤੇ ਉਹਨਾਂ ਦਾ ਫਾਲਤੂ ਖਰਚ ਕਰਨ ਦਾ ਰਿਵਾਜ਼ ਹੈ, ਜੋ ਕਿ ਕਿਸੇ ਪੱਖੋਂ ਵੀ ਸਹੀ ਨਹੀਂ ਕਿਹਾ ਜਾ ਸਕਦਾ। ਫਿਰ ਕੁੜਮਾਈ ਤੇ ਫਿਰ ਵਿਆਹ। ਮੁੰਡੇ ਵਾਲੇ ਘਰ ਘੋੜੀਆਂ ਤੇ ਕੁੜੀ ਵਾਲੇ ਘਰ ਸੁਹਾਗ ਗਾਏ ਜਾਂਦੇ ਹਨ। ਅਨੰਦ ਕਾਰਜ ਤੋਂ ਬਾਅਦ ਕੁੜੀ ਵਾਲਿਆਂ ਦੇ ਵਲੋਂ ਦਾਜ ਦਿਖਾਉਣ ਦੀ ਰਸਮ ਹੁੰਦੀ ਸੀ ਜੋ ਕਿ ਹੁਣ ਹੌਲੀ-ਹੌਲੀ ਬਹੁਤ ਘੱਟ ਗਈ ਹੈ। ਲਾੜਾ ਲਾੜੀ ਦੇ ਘਰ ਪਹੁੰਚਣ ਤੇ ਲਾੜੇ ਦੀ ਮਾਂ ਵੱਲੋਂ ਨਵੀਂ ਜੋੜੀ ਤੋਂ ਪਾਣੀ ਵਾਰ ਕੇ ਪੀਣ ਉਪਰੰਤ ਨਵੀਂ ਜੋੜੀ ਨੂੰ ਘਰ ਅੰਦਰ ਦਾਖਿਲ ਕਰਵਾਇਆ ਜਾਂਦਾ ਹੈ। ਇਸੇ ਤਰ੍ਹਾਂ ਮਨੁੱਖ ਦੇ ਅੰਤਿਮ ਵੇਲੇ ਨਾਲ ਵੀ ਕਈ ਰਸਮਾਂ ਜੁੜੀਆਂ ਹੋਈਆਂ ਹਨ, ਜੋ ਵਿਅਕਤੀ ਦੀ ਮੌਤ ਹੋਣ ਉਪਰੰਤ ਨਿਭਾਈਆਂ ਜਾਂਦੀਆਂ ਹਨ। ਮੌਤ ਤੋਂ ਬਾਅਦ ਔਰਤਾਂ ਵੈਣ ਅਤੇ ਕੀਰਣੇ ਪਾਉਂਦੀਆਂ ਹਨ। ਮ੍ਰਿਤਕ ਦੇ ਸਾਕ ਸਬੰਧੀ ਉਸ ਦੇ ਸਰੀਰ ਨੂੰ ਮੋਢਿਆਂ ਤੇ ਚੁੱਕ ਕੇ ਸਿਵਿਆਂ ਤੱਕ ਲੈ ਕੇ ਜਾਂਦੇ ਹਨ। ਔਰਤਾਂ ਸਿਵਿਆਂ ਦੇ ਬਾਹਰ ਹੀ ਰੁਕ ਜਾਂਦੀਆਂ ਸਨ ਪਰ ਹੁਣ ਸਿਵਿਆਂ ਵਿਚ ਹੀ ਔਰਤਾਂ ਦੇ ਬੈਠਣ ਦੀ ਥਾਂ ਬਣਾਈ ਹੁੰਦੀ ਹੈ ਇਸ ਲਈ ਉਹ ਉਥੇ ਹੀ ਬੈਠਦੀਆਂ ਹਨ। ਚਿਖਾ ਚੁਨਣ ਤੋਂ ਬਾਅਦ ਵੱਡਾ ਪੁੱਤਰ ਚਿਖਾ ਨੂੰ ਅਗਨੀ ਦਿੰਦਾ ਹੈ। ਭੋਗ ਉਪਰੰਤ ਵੱਡੇ ਪੁੱਤਰ ਨੂੰ ਜ਼ਿੰਮੇਵਾਰੀ ਦੀ ਪੱਗ ਬਣਾ ਦਿੱਤੀ ਜਾਂਦੀ ਹੈ। ਫੋਕੀ ਸ਼ੋਹਰਤ ਤੇ ਸੋਸ਼ੇਬਾਜ਼ੀ ਦੀ ਲਪੇਟ ਵਿਚ ਸਾਡੇ ਗ਼ਮੀ ਦੇ ਰਿਵਾਜ਼ ਵੀ ਆ ਚੁੱਕੇ ਹਨ। ਇਕ ਦੂਜੇ ਦੀ ਰੀਸ ਤੇ ਵਿਖਾਵੇਬਾਜ਼ੀ ਕਰਨ ਲਈ ਮਰਗ ਦੇ ਭੋਗਾਂ ਤੇ ਵੀ ਏਨਾ ਖਰਚ ਕੀਤਾ ਜਾਂਦਾ ਹੈ ਜਿਸ ਨਾਲ ਬਹੁਤ ਕੁਝ ਉਸਾਰੂ ਹੋ ਸਕਦਾ ਹੈ। ਜਿਊਂਦੇ ਜੀਅ ਬਜ਼ੁਰਗਾਂ ਨੂੰ ਜਿਹਨਾਂ ਨੇ ਫੋਕਾ ਪਾਣੀ ਤੱਕ ਨਹੀਂ ਪੁੱਛਿਆ ਹੁੰਦਾ, ਭੋਗਾਂ ਤੇ ਤਰ੍ਹਾਂ-ਤਰ੍ਹਾਂ ਦੇ ਖਾਣਿਆਂ ਦਾ ਪ੍ਰਬੰਧ ਕਰਦੇ ਹਨ। ਫੋਕੀ ਟੌਹਰ ਦੱਸਣ ਲਈ ਅੱਜਕਲ੍ਹ ਸਿਆਸੀ ਨੇਤਾਵਾਂ ਨੂੰ ਸੱਦਣਾ ਵੀ ਰੁਤਬੇ ਦਾ ਪ੍ਰਤੀਕ ਬਣ ਗਿਆ ਹੈ। ਇਹ ਸਭ ਵਿਚ ਪੈਸੇ ਦੀ ਬਰਬਾਦੀ ਹੁੰਦੀ ਹੈ। ਅੱਜਕਲ੍ਹ ਇਕ ਨਵਾਂ ਰਿਵਾਜ਼ ਚੱਲ ਪਿਆ ਹੈ ਕਿ ਸੇਵਾ ਮੁਕਤੀ ਹੋਣ ਤੇ ਵੱਡੇ-ਵੱਡੇ ਹੋਟਲਾਂ ਪੈਲੇਸਾਂ ਵਿਚ ਸਮਾਗਮ ਕੀਤੇ ਜਾਣ ਲੱਗ ਪਏ ਹਨ। ਇਹਨਾਂ ਵਿਚ ਲੋਕ ਚੰਗੇ ਵਿਆਹ ਜਿੰਨਾ ਖਰਚ ਕਰ ਦਿੰਦੇ ਹਨ। ਸ਼ਰਾਬ, ਮੀਟ ਦੇ ਨਾਲ-ਨਾਲ ਗਾਉਣ ਵਾਲੇ ਵੀ ਬੁਲਾਏ ਜਾਣ ਲੱਗ ਪਏ ਹਨ। ਇਹ ਮਾੜੇ ਰੀਤੀ-ਰਿਵਾਜ਼ ਗ਼ੈਰ ਜ਼ਰੂਰੀ ਚਿੰਤਾਵਾਂ ਦਾ ਕਾਰਨ ਬਣ ਗਏ ਹਨ। ਸਮਾਗਮਾਂ ਤੇ ਬੇਲੋੜਾ ਖਰਚ ਕਰਨ ਵਾਲਾ ਪੈਸਾ ਜੇਕਰ ਧੀਆਂ ਪੁੱਤਾਂ ਦੀ ਪੜ੍ਹਾਈ ਤੇ ਖਰਚ ਕੀਤਾ ਜਾਵੇ ਤਾਂ ਉਹ ਸਵੈ-ਵਿਸ਼ਵਾਸ ਅਤੇ ਆਪਣੇ ਬਲਬੂਤੇ ਜ਼ਮਾਨੇ ਨਾਲ ਚੱਲਣ ਦੇ ਕਾਬਲ ਜ਼ਰੂਰ ਬਣ ਜਾਣਗੇ। ਅੱਜ ਦਾ ਨੌਜਵਾਨ ਸਾਰਥਿਕ ਭੂਮਿਕਾ ਨਿਭਾ ਸਕਦਾ ਹੈ, ਜੇਕਰ ਝੂਠੇ ਵਿਖਾਵੇ, ਫੋਕੀ ਸ਼ੋਹਰਤਬਾਜ਼ੀ ਅਤੇ ਸੋਸ਼ੇਬਾਜ਼ੀ ਤੋਂ ਉਹ ਮੁਕਤੀ ਪਾ ਲਵੇ। ਉਹ ਉੱਚੀ ਸੋਚ ਤੇ ਚੰਗੇ ਵਿਚਾਰਾਂ ਦਾ ਧਾਰਨੀ ਬਣ ਸਕਦਾ ਹੈ। ਇਸ ਨਾਲ ਭਰੂਣ ਹੱਤਿਆ ਅਤੇ ਦਾਜ ਕਾਰਨ ਆਤਮ ਹੱਤਿਆਵਾਂ ਵਰਗੀਆਂ ਸਮਾਜਿਕ ਸਮੱਸਿਆਵਾਂ ਨੂੰ ਠੱਲ ਪਵੇਗੀ। ਸਮਾਜ ਵਿਚ ਵਿਚਰਦਿਆਂ ਖੁਸ਼ੀਆਂ ਗ਼ਮੀਆਂ ਦੇ ਮੌਕਿਆਂ ਨੂੰ ਪੂਰਾ ਕਰਨ ਲਈ ਕਈ ਰਸਮਾਂ ਅਦਾ ਕਰਨੀਆਂ ਪੈਂਦੀਆਂ ਹਨ। ਸਮੇਂ ਦੇ ਬਦਲਣ ਨਾਲ ਆਰਥਿਕ ਸਥਿਤੀ ਵਿਚ ਬਦਲਾਓ ਆਉਣ ਕਾਰਨ ਰੀਤੀ-ਰਿਵਾਜ਼ਾਂ ਦੀ ਭਾਵਨਾ ਅਤੇ ਦਿੱਖ ਬਦਲਦੀ ਜਾ ਰਹੀ ਹੈ। ਦਿਖਾਵਾ ਜ਼ਿਆਦਾ ਭਾਰੂ ਹੋ ਗਿਆ ਹੈ।

ਪੁਰਾਣੇ ਸਮਿਆਂ ਵਿਚ ਕਈ ਬਹੁਤ ਜ਼ਿਆਦਾ ਮੰਦੇ ਰਿਵਾਜ਼ ਜਾਂ ਰਸਮਾਂ ਪ੍ਰਚਲਤ ਸਨ, ਜਿਨ੍ਹਾਂ ਦੇ ਬਾਰੇ ਸੋਚ ਕੇ ਵੀ ਸਭਿਅਕ ਮੰਨ ਵਿਆਕੁਲ ਹੋ ਕੇ ਰਹਿ ਜਾਂਦਾ ਹੈ। ਜੰਮਦੀ ਧੀ ਨੂੰ ਮਾਰਨਾ ਅਤੇ ਪਤੀ ਦੀ ਮੌਤ ਹੋਣ ਤੇ ਵਿਧਵਾ ਦਾ ਜਿਊਂਦੇ ਜੀਅ ਪਤੀ ਦੀ ਚਿਖ਼ਾ ਵਿਚ ਸੜਨਾ, ਜਿਸ ਨੂੰ ਸਤੀ ਦੀ ਰਸਮ ਕਹਿੰਦੇ ਸਨ, ਕਾਫੀ ਪ੍ਰਚਲਤ ਸੀ। ਹਿੰਦੁਸਤਾਨ ਵਿਚੋਂ ਇਸ ਰਸਮ ਨੂੰ ਬੰਦ ਕਰਨ ਲਈ ਅੰਗਰੇਜ਼ੀ ਸਰਕਾਰ ਨੇ ਕਾਫੀ ਕੋਸ਼ਿਸ਼ਾਂ ਕੀਤੀਆਂ ਜਿਸ ਕਾਰਨ ਸਤੀ ਦੀ ਰਸਮ ਨੂੰ ਕਾਫੀ ਠੱਲ ਪਈ। ਸਮਾਜ ਸੁਧਾਰਕ ਰਾਜਾ ਰਾਮ ਮੋਹਨ ਰਾਏ ਅਤੇ ਸਿੱਖਾਂ ਦੇ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਇਸ ਮਾੜੀ ਰਸਮ ਨੂੰ ਖਤਮ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਸ਼ੂਦਰ ਜਾਤੀਆਂ ਦੇ ਬਸ਼ਿੰਦਿਆਂ ਨਾਲ ਸਮਾਜਕ ਮੇਲ ਜੋਲ ਨਾ ਰੱਖਣਾ ਜਾਂ ਉਹਨਾਂ ਦੇ ਪੀਣ ਵਾਲੇ ਪਾਣੀ ਦੇ ਖੂਹ ਹੀ ਅਲੱਗ ਰੱਖਣੇ, ਪਰਛਾਵਾਂ ਨਾ ਲੈਣਾ ਵੀ ਬਹੁਤ ਮਾੜੇ ਜਾਂ ਭੈੜੇ ਰਿਵਾਜ਼ ਇਸ ਦੇਸ਼ ਵਿਚ ਲੰਮਾ ਸਮਾਂ ਵਿਚਰਦੇ ਰਹੇ ਹਨ। ਦੇਸ਼ ਅਜ਼ਾਦ ਹੋਣ ਨਾਲ ਇਹ ਰਿਵਾਜ਼ ਜਾਂ ਵਿਸ਼ਵਾਸ ਖਤਮ ਕਰਨ ਵੱਲ ਬੜੀਆਂ ਕੋਸ਼ਿਸ਼ਾਂ ਕਾਮਯਾਬੀ ਨਾਲ ਹੋਈਆਂ ਹਨ। ਸਾਰੇ ਸ਼ਹਿਰੀਆਂ ਦੇ ਸੰਵਿਧਾਨਿਕ ਹੱਕ ਬਰਾਬਰ ਹੋਣ ਕਾਰਨ ਹੁਣ ਇਹ ਰੀਤੀ ਜਾਂ ਵਿਸ਼ਵਾਸ ਲੱਗਭਗ ਖਤਮ ਹੋ ਗਿਆ ਹੈ।

ਪੁਰਾਣੇ ਬਜ਼ੁਰਗਾਂ ਤੇ ਸਮਝਦਾਰਾਂ ਅਨੁਸਾਰ ਪੁਰਾਣੇ ਸਮੇਂ ਦੇ ਲੋਕ ਉਹਨਾਂ ਚੀਜ਼ਾਂ ਦੀ ਪੂਜਾ ਕਰਦੇ ਸਨ ਜਿਨ੍ਹਾਂ ਤੋਂ ਉਹਨਾਂ ਨੂੰ ਕੁਝ ਨਾ ਕੁਝ ਮਿਲਦਾ ਸੀ। ਆਮ ਲੋਕਾਂ ਦਾ ਵਿਸ਼ਵਾਸ ਸੀ ਕਿ ਜੇਕਰ ਇਹਨਾਂ ਚੀਜ਼ਾਂ ਦੀ ਅਸੀਂ ਪੂਜਾ ਨਾ ਕੀਤੀ ਤਾਂ ਇਹ ਸਾਨੂੰ ਛੱਡ ਨਾ ਜਾਣ। ਸੂਰਜ, ਚੰਦਰਮਾਂ, ਦਰੱਖ਼ਤਾਂ ਅਤੇ ਕੰਜਕਾਂ ਦੀ ਪੂਜਾ ਇਸੇ ਲਈ ਸੀ ਕਿਉਂਕਿ ਇਹਨਾਂ ਵਸਤਾਂ ਤੋਂ ਉਹਨਾਂ ਨੂੰ ਕੁਝ ਨਾ ਕੁਝ ਜ਼ਰੂਰ ਮਿਲਦਾ ਸੀ। ਲੋਕਾਂ ਨੂੰ ਭਰਮ ਸੀ ਕਿ ਸੂਰਜ ਤੇ ਚੰਦਰਮਾਂ ਸਾਡੇ ਨਾਲ ਨਰਾਜ਼ ਹੋ ਕੇ ਆਪਣੀ ਰੌਸ਼ਨੀ ਹੀ ਦੇਣੀ ਬੰਦ ਨਾ ਕਰ ਦੇਣ। ਪਿੱਪਲ, ਨਿੰਮ ਅਤੇ ਬੋਹੜ ਆਕਸੀਜਨ ਪੈਦਾ ਕਰਨ ਦੇ ਵੱਡੇ ਸਰੋਤ ਹਨ। ਡਰ ਸੀ ਕਿ ਆਮ ਲੋਕ ਇਹਨਾਂ ਨੂੰ ਬਾਕੀ ਦਰਖ਼ੱਤਾਂ ਦੇ ਨਾਲ ਵੱਢ ਨਾ ਸੁੱਟਣ। ਇਸ ਲਈ ਉਹਨਾਂ ਨੇ ਇਹਨਾਂ ਦਰੱਖ਼ਤਾਂ ਦੀ ਪੂਜਾ ਕਰਨ ਤੇ ਮਨੋਕਾਮਨਾਵਾਂ ਪੂਰੀਆਂ ਹੋਣ ਦਾ ਸ਼ੋਸ਼ਾ ਛੱਡ ਦਿੱਤਾ। ਜਿਸ ਵਿਚ ਉਹ ਕਾਮਯਾਬ ਹੋਏ। ਕੰਜਕਾਂ ਬਾਰੇ ਵੀ

ਭਰੂਣ ਹੱਤਿਆ ਨੂੰ ਰੋਕਣ ਲਈ ਕਿਹਾ ਗਿਆ ਕਿ ਕੰਜਕਾਂ ਨੂੰ ਪੇਟ ਵਿਚ ਮਾਰ ਦੇਣ ਨਾਲ ਗੰਭੀਰ ਪਾਪ ਲੱਗਦਾ ਹੈ। ਵਰਤਮਾਨ ਵਿਚ ਕੀਤੇ ਜਾ ਰਹੇ ਕਰਮਕਾਂਡਾਂ ਜਿਵੇਂ ਟੂਣਾ ਕਰਨਾ ਆਦਿ ਸਿਰਫ਼ ਤਾਂਤਰਿਕ ਲੋਕਾਂ ਵੱਲੋਂ ਆਪਨੇ ਹਲਵੇ-ਮਾਂਡੇ ਦਾ ਪ੍ਰਬੰਧ ਕਰਨ ਲਈ ਅਤੇ ਆਪਨੀਆਂ ਪੀੜ੍ਹੀਆਂ ਲਈ ਮਾਇਆ ਇਕੱਠੀ ਕਰਨ ਤੋਂ ਵੱਧ ਕੁਝ ਵੀ ਨਹੀਂ।

ਪੁਰਾਣੇ ਸਮੇਂ ਅਤੇ ਹੁਣ ਦੀ ਜ਼ਿੰਦਗੀ ਵਿਚ ਬਹੁਤ ਤਬਦੀਲੀ ਆ ਗਈ ਹੈ। ਪਰ ਵਿਗਿਆਨ ਦੇ ਇੰਨੀ ਤਰੱਕੀ ਕਰਨ ਦੇ ਬਾਵਜੂਦ ਲੋਕਾਂ ਵੱਲੋਂ ਆਪਨੀ ਮਰਜ਼ੀ ਅਨੁਸਾਰ ਜਾਂ ਪਖੰਡੀ ਸਾਧੂ ਸੰਤਾਂ ਦੇ ਪਾਏ ਭੁਲੇਖਿਆਂ ਨਾਲ ਪੁਰਾਨੀਆਂ ਰਸਮਾਂ ਰਿਵਾਜ਼ਾਂ ਨੂੰ ਵਹਿਮ ਭਰਮਾਂ ਵਿਚ ਬਦਲ ਲਿਆ ਹੈ। ਕਿਸੇ ਵੇਲੇ ਜਿੰਨਾ ਗੱਲਾਂ ਦੀ ਲੋੜ ਸੀ ਉਹਨਾਂ ਨੇ ਹੀ ਅੱਜ ਅੰਧ-ਵਿਸ਼ਵਾਸ ਦਾ ਰੂਪ ਧਾਰਨ ਕਰ ਲਿਆ ਹੈ। ਅੱਜ ਦੇ ਯੁੱਗ ਵਿਚ ਇਹਨਾਂ ਗੱਲਾਂ ਦੀ ਕੋਈ ਸਾਰਥਿਕਤਾ ਨਹੀਂ ਰਹੀ ਫਿਰ ਵੀ ਆਮ ਲੋਕ ਇਹਨਾਂ ਨੂੰ ਵਹਿਮ-ਭਰਮਾਂ ਨਾਲ ਜੋੜ ਕੇ ਅਪਨਾ ਰਹੇ ਹਨ ਜੋ ਕਿ ਬਹੁਤ ਹੀ ਮਾੜਾ ਰੁਝਾਨ ਹੈ।

# ਪ੍ਰਦੂਸ਼ਣ ਇੱਕ ਸਮੱਸਿਆ

ਅੱਜ ਦੁਨੀਆਂ ਭਰ ਵਿੱਚ ਪ੍ਰਦੂਸ਼ਣ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿਉਂਕਿ ਪ੍ਰਦੂਸ਼ਣ ਕਾਰਨ ਸਾਰਾ ਕੁਝ ਪਲੀਤ ਹੋਇਆ ਪਿਆ ਹੈ। ਪ੍ਰਦੂਸ਼ਣ ਦਾ ਮਤਲਬ ਹੈ ਪ੍ਰਾਕਿਰਤਿਕ ਵਾਤਾਵਰਣ ਵਿੱਚ ਕੁਝ ਅਣਚਾਹੀਆਂ ਤਬਦੀਲੀਆਂ ਦਾ ਆ ਜਾਣਾ। ਜਦੋਂ ਪਾਨੀ ਤੇ ਹਵਾ ਵਿੱਚ ਗੰਧਲਾਪਣ ਆ ਜਾਂਦਾ ਹੈ ਤਾਂ ਜੀਵਾਂ, ਪੌਦਿਆਂ ਆਦਿ ’ਤੇ ਭੈੜਾ ਅਸਰ ਪੈਂਦਾ ਹੈ। ਮਨੁੱਖ ਪ੍ਰਦੂਸ਼ਣ ਦੀ ਇਸ ਸਮੱਸਿਆ ਤੋਂ ਬੜਾ ਪ੍ਰੇਸ਼ਾਨ ਹੈ, ਕਿਉਂਕਿ ਇਸ ਤੋਂ ਅਨੇਕਾਂ ਕਿਸਮ ਦੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ ਪਰ ਮਨੁੱਖ ਇਹ ਨਹੀਂ ਸਮਝ ਰਿਹਾ ਕਿ ਇਹ ਹੋ ਵੀ ਉਸ ਦੇ ਕਾਰਨ ਹੀ ਰਹੀਆਂ ਹਨ। ਪ੍ਰਦੂਸ਼ਣ ਕਈ ਕਾਰਨਾਂ ਕਾਰਨ ਦੁਆਰਾ ਪੈਦਾ ਹੁੰਦਾ ਹੈ। ਮੁੱਖ ਤੌਰ ’ਤੇ ਇਹ ਹਵਾ-ਪਾਨੀ ਅਤੇ ਜ਼ਿਆਦਾ ਉੱਚੀ ਆਵਾਜ਼ ਤੋਂ ਪੈਦਾ ਹੁੰਦਾ ਹੈ। ਹਵਾ ਪ੍ਰਦੂਸ਼ਣ ਕਈ ਸਾਧਨਾਂ ਦੁਆਰਾ ਪੈਦਾ ਹੁੰਦਾ ਹੈ। ਜਦੋਂ ਕਾਰਖਾਨਿਆਂ ਦਾ ਗਲਿਆ-ਸੜਿਆ ਕਚਰਾ ਜਾਂ ਗੰਦਾ ਪਾਨੀ ਬਾਹਰ ਸੁੱਟ ਦਿੱਤਾ ਜਾਂਦਾ ਹੈ ਤੇ ਇਸ ਦੀ ਬਦਬੂ ਹਵਾ ਵਿੱਚ ਮਿਲ ਕੇ ਇਸ ਨੂੰ ਪ੍ਰਦੂਸ਼ਿਤ ਕਰਦੀ ਹੈ। ਇਸ ਪਾਨੀ ਵਿੱਚ ਹਾਨੀਕਾਰਕ ਰਸਾਇਣਕ ਪਦਾਰਥ ਘੁਲੇ ਹੋਏ ਹੁੰਦੇ ਹਨ। ਇਹ ਨਦੀਆਂ ਦੇ ਪਾਨੀ ਨੂੰ ਜ਼ਹਿਰੀਲਾ ਕਰ ਦਿੰਦੇ ਹਨ। ਇਸ ਨਾਲ ਜਲ-ਜੀਵਾਂ ਦਾ ਜੀਵਨ ਖਤਰੇ ਵਿੱਚ ਪੈ ਜਾਂਦਾ ਹੈ।




**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਰਾਸ਼ਟਰਪਤੀ ਐਵਾਰਡੀ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**


ਧੁਨੀ ਪ੍ਰਦੂਸ਼ਣ ਵੀ ਵੱਡੀਆਂ-ਵੱਡੀਆਂ ਫੈਕਟਰੀਆਂ ਅਤੇ ਸ਼ਹਿਰਾਂ ਦੇ ਰੌਲੇ-ਰੱਪੇ ਤੋਂ ਪੈਦਾ ਹੁੰਦਾ ਹੈ। ਅੱਜ-ਕੱਲ੍ਹ ਫੈਕਟਰੀਆਂ, ਘਰਾਂ, ਸਕੂਲਾਂ ਅਤੇ ਹਸਪਤਾਲਾਂ ਆਦਿ ਦੇ ਨੇੜੇ ਬਣ ਗਈਆਂ ਹਨ, ਜਿਸ ਨਾਲ ਆਮ ਜ਼ਿੰਦਗੀ ’ਤੇ ਇਸ ਦਾ ਬਹੁਤ ਅਸਰ ਹੋ ਰਿਹਾ ਹੈ। ਸ਼ਹਿਰਾਂ ਜਾਂ ਪਿੰਡਾਂ ਵਿੱਚ ਲਾਊਡ ਸਪੀਕਰਾਂ ਦਾ ਉੱਚੀ-ਉੱਚੀ ਵੱਜਣਾ ਵੀ ਧੁਨੀ ਪ੍ਰਦੂਸ਼ਣ ਦਾ ਕਾਰਣ ਬਣਦਾ ਹੈ।

ਅੱਜ ਹਰ ਇਨਸਾਨ, ਹਰ ਮੁਲਕ ਇਸੇ ਸੋਚ ਵਿੱਚ ਡੁੱਬਿਆ ਹੋਇਆ ਹੈ ਕਿ ਇਸ ਪ੍ਰਦੂਸਣ ਜਿਹੀ ਬਿਮਾਰੀ ਤੋਂ ਕਿਵੇਂ ਬਚਿਆ ਜਾਵੇ? ਇਸ ਵਾਸਤੇ ਕਾਫ਼ੀ ਜੱਦੋ-ਜਹਿਦ ਦੀ ਲੋੜ ਹੈ। ਸਭ ਤੋਂ ਪਹਿਲਾਂ ਸਨਅਤੀ ਅਦਾਰੇ ਸ਼ਹਿਰਾਂ ਅਤੇ ਰਿਹਾਇਸ਼ੀ ਇਲਾਕਿਆਂ ਤੋਂ ਦੂਰ ਹੋਣੇ ਚਾਹੀਦੇ ਹਨ। ਫੈਕਟਰੀਆਂ ਦੀਆਂ ਧੂੰਏਂ ਵਾਲੀਆਂ ਚਿਮਨੀਆਂ ਉੱਚੀਆਂ ਹੋਣੀਆਂ ਚਾਹੀਦੀਆਂ ਹਨ। ਸੀਵਰੇਜ਼ ਦੇ ਗੰਦੇ ਪਾਨੀ ਨੂੰ ਸ਼ੁੱਧ ਕਰਕੇ ਅਸੀਂ ਜਲ ਪ੍ਰਦੂਸ਼ਣ ਨੂੰ ਰੋਕਣ ਵਿੱਚ ਕਾਮਯਾਬ ਹੋ ਸਕਦਾ ਹਾਂ। ਪੈਟਰੋਲ ਅਤੇ ਡੀਜ਼ਲ ਵਾਲੀਆਂ ਗੱਡੀਆਂ ਦੀ ਸਮੇਂ-ਸਮੇਂ ਜਾਂਚ ਹੋਣੀ ਚਾਹੀਦੀ ਹੈ ਅਤੇ ਸਭ ਤੋਂ ਜ਼ਰੂਰੀ ਜੰਗਲਾਂ ਨੂੰ ਕੱਟਣ ’ਤੇ ਰੋਕ ਲਗਾਈ ਜਾਣੀ ਚਾਹੀਦੀ ਹੈ। ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਏ ਚਾਹੀਦੇ ਹਨ। ਇਨ੍ਹਾਂ ਕੋਸ਼ਿਸ਼ਾਂ ਸਦਕਾ ਹੀ ਅਸੀਂ ਪ੍ਰਦੂਸ਼ਣ ’ਤੇ ਕਾਬੂ ਪਾਉਣ ਵਿਚ ਸਫਲ ਹੋ ਸਕਦੇ ਹਾਂ ਅਤੇ ਆਪਨੀ ਆਉਣ ਵਾਲੀ ਪੀੜ੍ਹੀ, ਜੀਵ-ਜੰਤੂ ਅਤੇ ਪੌਦਿਆਂ ਨੂੰ ਬਚਾਅ ਸਕਦੇ ਹਨ।

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ

ਵਰਿਆਮ ਸਿੰਘ ਪੀ.ਈ.ਐਸ. (1)
ਪ੍ਰਿੰਸੀਪਲ (ਰਿਟਾ.)

ਪੰਜਾਬ ਇੰਜੀਨੀਆਰਿੰਗ ਕਾਲਜ, ਚੰਡੀਗੜ੍ਹ ਦੇ ਡੈਪੂਟੇਸ਼ਨ ਤੋਂ ਵਾਪਸੀ ਤੇ ਪੰਜਾਬ ਗੌਰਮਿੰਟ ਵੱਲੋਂ ਪੋਸਟਿੰਗ ਆਰਡਰ ਜਾਰੀ ਹੋਣ ਤੇ ਮੇਰੇ ਵੱਲੋਂ ਮਿਤੀ 27 ਸਤੰਬਰ, 1971 ਨੂੰ ਗੌਰਮਿੰਟ ਕਾਲਜ ਲੁਧਿਆਣਾ ਵਿਖੇ ਸੀਨੀਅਰ ਲੈਕਚਰਾਰ ਦੇ ਤੌਰ 'ਤੇ ਜੌਆਇਨਿੰਗ ਰਿਪੋਰਟ ਦੇ ਦਿੱਤੀ ਗਈ। ਇਸ ਵਾਰ ਇਸ ਕਾਲਜ ਵਿੱਚ ਗਿਣਤੀ ਦੇ ਚੰਦ ਦਿਨ ਹੀ ਸੇਵਾ ਕਰਨ ਦਾ ਮੌਕਾ ਮਿਲਿਆ। ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇਨ੍ਹਾਂ ਦਿਨਾਂ ਵਿੱਚ ਹੀ ਕਪੂਰਥਲਾ ਤੋਂ ਮੇਰੇ ਮਿੱਤਰ ਸ. ਭਗਤ ਸਿੰਘ ਐਡਵੋਕੇਟ ਜੋ ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ ਨਡਾਲਾ ਜ਼ਿਲ੍ਹਾ ਕਪੂਰਥਲਾ ਦੇ ਆਨਰੇਰੀ ਸੈਕਟਰੀ ਸਨ, ਵੱਲੋਂ ਖਬਰ ਮਿਲੀ ਕਿ ਕਾਲਜ ਦੀ ਮੈਨੇਜਿੰਗ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਇਸ ਸੰਸਥਾ ਨੂੰ ਪੱਕੇ ਪੈਰਾਂ 'ਤੇ ਖੜ੍ਹਾ ਕਰਨ ਲਈ ਪ੍ਰਿੰਸੀਪਲ ਦੇ ਤੌਰ 'ਤੇ ਕੁੱਝ ਸਾਲਾਂ ਲਈ ਮੇਰੀਆਂ ਸੇਵਾਵਾਂ ਪੰਜਾਬ ਸਰਕਾਰ ਤੋਂ ਡੈਪੂਟੇਸ਼ਨ ਤੇ ਲਈਆਂ ਜਾਣ। ਇਲਾਕੇ ਦੇ ਹੋਰ ਖੈਰ ਖਾਹ ਸਜਣਾਂ ਨੂੰ ਵਿੱਚ ਪਾ ਕੇ ਇਲਾਕੇ ਦੀ ਸੇਵਾ ਦੀ ਦਲੀਲ ਦੇ ਕੇ ਮੈਨੂੰ ਵੀ ਮਨਾ ਲਿਆ ਗਿਆ। ਉਸ ਵੇਲੇ ਪੰਜਾਬ ਦੇ ਸਿਖਿਆ ਮੰਤਰੀ ਸ. ਉਮਰਾਉ ਸਿੰਘ ਸਨ ਜੋ ਸਿੱਖ ਨੈਸ਼ਨਲ ਕਾਲਜ, ਲਾਹੌਰ ਵਿਖੇ ਮੇਰੇ ਸਹਿਪਾਠੀ ਰਹੇ ਸਨ। ਕਾਲਜ ਤੋਂ ਇਕ ਦਿਨ ਦੀ ਛੁੱਟੀ ਲੈ ਕੇ ਮੈਂ ਅਤੇ ਸ. ਭਗਤ ਸਿੰਘ ਚੰਡੀਗੜ੍ਹ ਚਲੇ ਗਏ। ਸਿੱਖਿਆ ਮੰਤਰੀ ਜੀ ਦੇ ਘਰ ਜਾ ਕੇ ਅਰਜ਼ੀ ਤੇ ਇਕ ਸਾਲ ਦੇ ਡੈਪੂਟੇਸ਼ਨ ਦੀ ਮਨਜ਼ੂਰੀ ਲਈ ਹਸਤਾਖਰ ਕਰਵਾ ਲਏ ਬਾਅਦ ਵਿੱਚ ਇਹ ਵਧਾ ਕੇ ਤਿੰਨ ਸਾਲ ਕਰ ਦਿੱਤੀ ਗਈ। ਸਕੱਤਰੇਤ ਵਿੱਚ ਸ. ਸੁਰੈਣ ਸਿੰਘ ਨੇ ਫਿਰ ਕਮਾਲ ਕੀਤਾ ਅਤੇ ਉਸੇ ਦਿਨ ਆਰਡਰ ਜਾਰੀ ਕਰਵਾ ਕੇ ਕਾਪੀ ਸਾਨੂੰ ਦਸਤੀ ਦੇ ਦਿੱਤੀ। ਗੌਰਮਿੰਟ ਕਾਲਜ, ਲੁਧਿਆਣਾ ਤੋਂ ਫਾਰਗ ਹੋ ਕੇ 16 ਅਕਤੂਬਰ 1971 ਨੂੰ ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ ਵਿਖੇ ਬਤੌਰ ਪ੍ਰਿੰਸੀਪਲ ਜੌਆਇਨ ਕਰ ਲਿਆ।

**ਕਾਲਜ ਸਥਾਪਨਾ** : ਇਸ ਕਾਲਜ ਦਾ ਨਿਰਮਾਨ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਜਨਮ ਸ਼ਤਾਬਦੀ ਦੀ ਪਾਵਨ ਯਾਦ ਨੂੰ ਸਮਰਪਿਤ 1969 ਵਿੱਚ ਆਰੰਭ ਹੋਇਆ ਅਤੇ ਜੁਲਾਈ 1970 ਤੋਂ ਕਲਾਸਾਂ ਲਗਣੀਆਂ ਸ਼ੁਰੂ ਹੋਈਆਂ। ਬੀ.ਏ. ਦੀ ਡਿਗਰੀ ਦੀਆਂ ਕਲਾਸਾਂ ਤੱਕ ਦੀ ਮਨਜ਼ੂਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਲੈ ਲਈ ਗਈ। ਕਪੂਰਥਲਾ ਜ਼ਿਲ੍ਹੇ ਦਾ ਨਡਾਲਾ ਬਲਾਕ, ਦਰਿਆ ਬਿਆਸ ਤੇ ਧੁੱਸੀ ਬੰਨ੍ਹਣ ਤੋਂ ਪਹਿਲਾਂ ਲੰਮੇ ਸਮੇਂ ਤੋਂ ਇਹ ਇਲਾਕਾ ਲਗਭਗ ਹਰ ਸਾਲ ਹੜ੍ਹਾਂ ਦਾ ਸੰਤਾਪ ਝਲਦਾ ਰਿਹਾ। ਕਾਲਜ ਦੀ ਅਨਹੋਂਦ ਕਾਰਨ ਇਸ ਇਲਾਕੇ ਦਾ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਵਿਕਾਸ ਨਹੀਂ ਹੋ ਸਕਿਆ।

ਬਦਲੇ ਹਾਲਾਤ ਵਿੱਚ ਉਚੇਰੀ ਸਿੱਖਿਆ ਲਈ ਇਲਾਕੇ ਵਿੱਚ ਕਾਲਜ ਸਥਾਪਿਤ ਕਰਨ ਪ੍ਰਤੀ ਯਤਨਸ਼ੀਲ ਹੋਣਾ ਪ੍ਰਬੰਧਕਾਂ ਦੀ ਉੱਚੀ ਸੋਚ ਦਾ ਪ੍ਰਤੀਕ ਸੀ। ਉਨ੍ਹਾਂ ਦਿਨਾਂ ਵਿੱਚ ਮੈਟਰਿਕ ਦਾ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਧ ਜਾਣ ਕਰਕੇ ਸਾਰੇ ਕਾਲਜਾਂ ਵਾਂਗ ਜ਼ਿਲ੍ਹੇ ਦੇ ਇਕੋ ਇਕ ਰੰਧੀਰ ਗੌਰਮਿੰਟ ਕਾਲਜ ਕਪੂਰਥਲਾ ਵਿਖੇ ਵੀ ਦਾਖਲੇ ਲਈ ਸੀਟ ਮਿਲਣੀ ਬਹੁਤ ਕਠਿਨ ਹੋ ਗਈ ਸੀ। ਕੁੜੀਆਂ ਲਈ ਤਾਂ ਕਾਲਜ ਸਿੱਖਿਆ ਲਗਭਗ ਅਸੰਭਵ ਹੋ ਚੱਲੀ ਸੀ। ਪਿੰਡਾਂ ਦੇ ਵਿਦਿਆਰਥੀਆਂ ਲਈ ਸਥਿਤੀ ਜ਼ਿਆਦਾ ਚਿੰਤਾਜਨਕ ਸੀ। ਸ. ਭਗਤ ਸਿੰਘ ਐਡਵੋਕੇਟ ਇਸ ਸਬੰਧ ਵਿੱਚ ਮੇਰੇ ਨਾਲ ਅਕਸਰ ਵਿਚਾਰ-ਵਟਾਂਦਰਾ ਕਰਦੇ ਰਹਿੰਦੇ। ਇਸ ਦਾ ਇਕ ਕੇਵਲ ਹਲ ਇਲਾਕੇ ਵਿੱਚ ਨਵਾਂ ਡਿਗਰੀ ਕਾਲਜ ਖੋਲ੍ਹਣਾ ਸੀ। ਇਲਾਕੇ ਦੇ ਕੁਝ ਸਮਾਜ ਸੇਵੀ ਸੋਚ ਦੇ ਧਾਰਨੀ ਪਤਵੰਤਿਆਂ ਨੇ ਮਿਲ ਕੇ ਸੰਤ ਬਾਬਾ ਮਾਝਾ ਸਿੰਘ ਡੇਰਾ ਬਾਬਾ ਕਰਮ ਸਿੰਘ (ਹੋਤੀ ਮਰਦਾਨ) ਹਾਲ ਮਕਸੂਦਪੁਰ ਜੀ ਦੀ ਅਗਵਾਈ ਵਿੱਚ ਇਹ ਕਰ ਵਿਖਾਇਆ। ਸੰਤ ਜੀ ਕਾਲਜ ਕਮੇਟੀ ਦੇ ਜੀਵਨ ਭਰ ਲਈ ਪ੍ਰਧਾਨ ਸਨ। ਸ. ਭਗਤ ਸਿੰਘ ਐਡਵੋਕੇਟ ਆਨਰੇਰੀ ਸਕੱਤਰ ਥਾਪੇ ਗਏ। ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਕਰਨਲ ਖਜ਼ਾਨ ਸਿੰਘ, ਸ. ਸੁਖਜਿੰਦਰ ਸਿੰਘ ਡੀ.ਐਸ.ਪੀ. ਜੋ ਬਾਅਦ ਵਿੱਚ ਵਿਧਾਇਕ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਵੀ ਰਹੇ, ਸ. ਜਰਨੈਲ ਸਿੰਘ ਚੇਅਰਮੈਨ ਮਾਰਕੀਟ ਕਮੇਟੀ, ਸ. ਸਰਦਾਰਾ ਸਿੰਘ ਚੇਅਰਮੈਨ ਬਲਾਕ ਸੰਮਤੀ, ਡਾ. ਮਿਹਰ ਸਿੰਘ, ਸ. ਗੁਰਦਿਆਲ ਸਿੰਘ ਮਾਨ, ਸ. ਮਿਹਰ ਸਿੰਘ ਤਹਿਸੀਲਦਾਰ ਅਤੇ ਸ. ਕਾਬਲ ਸਿੰਘ ਫੁੱਲ ਦੇ ਨਾਂ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ। ਸ. ਭਗਤ ਸਿੰਘ ਨੂੰ ਇੱਕ ਲੱਖ ਰੁਪਏ ਯੂਨੀਵਰਸਿਟੀ ਨੂੰ ਦੇਣ ਯੋਗ ਫੰਡ ਇਕੱਠਾ ਕਰਨ ਲਈ ਭੁੱਖ ਹੜਤਾਲ ਕਰਨੀ ਪਈ। ਪਿੰਡ ਨਡਾਲਾ ਦੀ ਪੰਚਾਇਤ ਨੇ ਬੜਾ ਸ਼ਲਾਘਾਯੋਗ ਉੱਦਮ ਕੀਤਾ ਅਤੇ ਮਤਾ ਪਾਸ ਕਰਕੇ ਕਾਲਜ ਲਈ ਜ਼ਮੀਨ ਦੇ ਦਿੱਤੀ। ਜਿਸ ਵਿੱਚ ਇਕ ਬੰਦ ਹੋਏ ਪੋਲਟਰੀ ਫਾਰਮ ਦੀ ਜ਼ਮੀਨ ਅਤੇ ਬਿਲਡਿੰਗ ਵੀ ਸ਼ਾਮਿਲ ਸੀ। ਭਵਨ ਨਿਰਮਾਨ ਦੀ ਸੇਵਾ ਕਰਨਲ ਖਜ਼ਾਨ ਸਿੰਘ ਨੇ ਨਿਭਾਈ। ਚਾਰ ਨਵੇਂ ਵੱਡੇ-ਵੱਡੇ ਕਲਾਸ ਰੂਮ ਬਣਾ ਦਿੱਤੇ। ਪੁਰਾਣੀ ਬਿਲਡਿੰਗ ਦੀ ਮੁਰੰਮਤ ਕਰਕੇ ਲਾਇਬ੍ਰੇਰੀ ਬਣਾਈ ਅਤੇ ਸਾਰੇ ਲੋੜੀਂਦੇ ਦਫਤਰ ਅਤੇ ਦੋ ਰਿਹਾਇਸ਼ੀ ਕੁਆਰਟਰ ਥਾਉਂ ਥਾਈਂ ਥਾਪ ਦਿੱਤੇ ਗਏ।

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂ ਰੁੱਲ ਜਾਵੋਗੇ**

# ਮਾਰਚ ਮਹੀਨੇ ਹੋਈਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਨਵੀਂ ਮੈਨੇਜਮੈਂਟ ਨੂੰ ਆਪਣਾ ਕਾਰਜ ਭਾਰ ਸੰਭਾਲਦੇ ਹੋਏ ਅਪ੍ਰੈਲ ਦੇ ਮਹੀਨੇ ਵਿੱਚ ਇੱਕ ਸਾਲ ਦਾ ਸਮਾਂ ਪੂਰਾ ਹੋ ਜਾਵੇਗਾ। ਅਪ੍ਰੈਲ 2021 ਤੋਂ ਲੈ ਕੇ ਮਾਰਚ 2022 ਤਕ ਮੌਜੂਦਾ ਮੈਨੇਜਮੈਂਟ ਵੱਲੋਂ ਕਰਨ ਯੋਗ ਬਕਾਇਆ ਕੰਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤੇਜ਼ੀ ਨਾਲ ਕਾਰਜਸ਼ੀਲਤਾ ਵਿੱਚ ਲਿਆਂਦਾ ਗਿਆ। ਇੰਜੀਨੀਅਰ ਸ. ਹਰਭਜਨ ਸਿੰਘ ਜੀ ਦੀ ਪ੍ਰਧਾਨਗੀ ਹੇਠ ਇਸ ਸਮੁੱਚੀ ਮੈਨੇਜਮੈਂਟ ਵੱਲੋਂ ਜ਼ਰੂਰੀ ਕੰਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਰਕਿੰਗ ਕਮੇਟੀ ਅਤੇ ਐਗਜੈਕਟਿਵ ਕਮੇਟੀ ਦੀਆਂ ਸਮੇਂ ਸਿਰ ਮੀਟਿੰਗਾਂ ਕਰਕੇ ਫਾਊਂਡੇਸ਼ਨ ਦੇ ਕੰਮਾਂ ਨੂੰ ਸੁਚਾਰੂ ਰੂਪ ਨਾਲ ਸੰਪੂਰਨ ਕਰਨ ਹਿੱਤ ਉਸਾਰੂ ਕਦਮ ਚੁੱਕੇ ਗਏ। ਫਾਈਨੈਂਸ ਕਮੇਟੀ, ਸੰਵਿਧਾਨ ਸੋਧ ਕਮੇਟੀ, ਰਿਜ਼ਨਲ ਕਮੇਟੀ, ਲੁਬਾਣਾ ਸੇਵਕ ਆਡੀਟੋਰੀਅਮ ਬੋਰਡ, ਬਣਾ ਕੇ ਸੰਬੰਧਿਤ ਕਾਰਜਾ ਨੂੰ ਪੂਰਾ ਕਰਨ ਲਈ ਬੜੀ ਮਿਹਨਤ ਅਤੇ ਲਗਨ ਨਾਲ ਉਪਰਾਲਾ ਕੀਤਾ ਜਾ ਰਿਹਾ ਹੈ। ਸਮੁੱਚੀ ਬਰਾਦਰੀ ਦੀ ਖਾਹਿਸ ਪੂਰਨ ਕਰਨ ਹਿੱਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਚੇਅਰ ਸਥਾਪਿਤ ਹੋਣਾ ਲੁਬਾਣਾ ਬਰਾਦਰੀ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ

ਫਾਊਂਡੇਸ਼ਨ ਲਈ ਬੜੇ ਮਾਣ ਵਾਲੀ ਗੱਲ ਹੈ। ਭਵਨ ਸਬੰਧੀ ਕਈ ਅਧੂਰੇ ਕੰਮ ਜਿਵੇਂ ਕਿ ਐਫ.ਸੀ.ਆਰ.ਏ. ਦੀ ਰਜਿਸਟ੍ਰੇਸ਼ਨ ਕਰਾਉਣਾ, ਆਡੀਟੋਰੀਅਮ ਦੀ ਮੁਰੰਮਤ ਤੇ ਨਵੀਨੀਕਰਣ ਦੇ ਕੰਮ ਨੂੰ ਤੇਜ਼ੀ ਦੇਣ ਲਈ ਦੋ ਪੜਾਵਾਂ ਵਿੱਚ ਮੁਕੰਮਲ ਹੋਣ ਵਾਲੇ ਕੰਮ ਦੇ ਪਹਿਲੇ ਪੜਾਅ ਨੂੰ ਮੁਕੰਮਲ ਕਰਨ ਲਈ ਸੁਹਿਰਦ ਯਤਨਾਂ ਦੀ ਸ਼ੁਰੂਆਤ ਕੀਤੀ ਗਈ ਹੈ। ਕਮਰਿਆਂ ਅਤੇ ਹਾਲ ਬੁਕਿੰਗ ਦੇ ਰੇਟ ਰਿਵਾਇਜ਼ ਕੀਤੇ ਗਏ, ਅਤੇ ਡੈਂਟਲ ਕੇਅਰ ਕਲੀਨਿਕ ਨੂੰ ਵੀ ਸ਼ੁਰੂ ਕਰ ਦਿੱਤਾ ਗਿਆ ਹੈ।

ਉਪਰੋਕਤ ਪੂਰੇ ਵਰ੍ਹੇ ਦੀ ਯੋਜਨਾਬੰਦੀ ਵਿੱਚ ਕੰਮ ਕਰਦੇ ਹੋਏ ਮਾਰਚ ਮਹੀਨੇ ਵਿੱਚ ਮਿਤੀ 12 ਮਾਰਚ 2022 ਨੂੰ ਵਰਕਿੰਗ ਕਮੇਟੀ ਦੀ ਪੰਜਵੀਂ ਮੀਟਿੰਗ ਕੀਤੀ ਗਈ ਜਿਸ ਵਿੱਚ ਏਜੰਡੇ ਦੇ ਹਿਸਾਬ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਚੌਥੀ ਵਰਕਿੰਗ ਕਮੇਟੀ ਦੇ ਮਿਨਟਸ ਪਾਸ ਕੀਤੇ ਗਏ। ਫਾਈਨੈਂਸ ਸਕੱਤਰ ਵੱਲੋਂ ਮਾਰਚ ਮਹੀਨੇ ਦੀ ਰਿਪੋਰਟ ਪੇਸ਼ ਕੀਤੀ ਗਈ। ਆਡੀਟੋਰੀਅਮ ਦੇ ਮੁਰੰਮਤ ਕਾਰਜ ਨੂੰ ਦੋ ਪੜਾਵਾਂ ਵਿੱਚ ਸ਼ੁਰੂ ਕਰਕੇ ਸਮੇਂ ਸਿਰ ਮੁਕੰਮਲ ਕਰਨ ਸਬੰਧੀ ਵਿਚਾਰਾਂ ਹੋਈਆਂ।

ਸੰਵਿਧਾਨ ਸੋਧ ਕਮੇਟੀ ਦੀ ਮੀਟਿੰਗ ਮਿਤੀ 15/03/2022 ਨੂੰ ਕਾਨਫਰੰਸ ਹਾਲ ਵਿੱਚ ਕੀਤੀ ਗਈ। ਆਮ ਮੈਂਬਰਾਂ ਵੱਲੋਂ ਪ੍ਰਾਪਤ ਹੋਏ ਸੁਝਾਵਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਮੇਨ ਆਡੀਟੋਰੀਅਮ ਦੀ ਰਿਪੇਅਰ ਵਰਕ ਦਾ ਪਹਿਲੇ ਪੜਾਅ ਦਾ ਕੰਮ ਪੂਰਾ ਜ਼ੋਰਾਂ ਸ਼ੋਰਾਂ ਨਾਲ ਮੁਕੰਮਲ ਹੋਣ ਜਾ ਰਿਹਾ ਹੈ, ਜਿਸ ਵਿੱਚ ਸਭ ਤੋਂ ਪਹਿਲਾਂ ਕੁਰਸੀਆਂ ਦੀਆਂ ਸੀਟਾਂ ਉਤਾਰ ਕੇ ਲੋਹੇ ਦੇ ਐਗਲਾਂ ਤੇ ਪੇਂਟ ਕੀਤਾ ਗਿਆ। ਕੁਰਸੀਆਂ ਦੀਆਂ ਸੀਟਾਂ ਤੇ ਨਵਾਂ ਕੱਪੜਾ ਲਗਾ ਕੇ ਕੁਰਸੀਆਂ ਦੀ ਦਿੱਖ ਨੂੰ ਬਹੁਤ ਹੀ ਸੁੰਦਰ ਬਣਾ ਦਿੱਤਾ ਗਿਆ ਹੈ। ਫਲੋਰਿੰਗ, ਜਿਸ ਉੱਤੇ ਨੀਲੇ ਅਤੇ ਮੈਰੂਨ ਰੰਗ ਦੀ ਕਾਰਪੈਟਿੰਗ ਵੀ ਮੁਕੰਮਲ ਹੋ ਚੁੱਕੀ ਹੈ। ਸਾਈਡ ਦੀਆਂ ਦੀਵਾਰਾਂ ਤੇ ਟਾਈਲਾਂ ਦਾ ਕੰਮ ਕੁਝ ਕੁ ਦਿਨਾਂ ਵਿੱਚ ਹੀ ਨੇਪਰੇ ਚੜ੍ਹ ਜਾਵੇਗਾ ਤੇ ਇਸੇ ਮਹੀਨੇ ਦੂਸਰੇ ਪੜਾਅ ਦਾ ਕੰਮ ਸ਼ੁਰੂ ਕੀਤਾ ਜਾਵੇਗਾ।

ਆਮਦਨ ਅਤੇ ਖਰਚ ਸਬੰਧੀ ਰਿਪੋਰਟ ਬੁਕਿੰਗ ਰਾਸ਼ੀ (127456.58- ਰੁਪਏ), ਡੋਨੇਸ਼ਨ (130620 ਰੁਪਏ) ਕਾਰਪਸ ਫੰਡ (53410/- ਰੁਪਏ) ਮੇਨਟੇਨੈਂਸ ਅਤੇ ਰਿਪੇਅਰ ਦੇ ਕੰਮ (312858/ ਰੁਪਏ) ਔਨਰੇਰੀਅਮ (ਸਟਾਫ) (111065/-) ਰੁਪਏ ਬਿਜਲੀ ਦਾ ਬਿਲ (8820/- ਰੁਪਏ), ਬੁਕਿੰਗ ਰਿਫੰਡ (8100/- ਰੁਪਏ)। ਕੁਲ ਆਮਦਨ (ਮਾਰਚ ਮਹੀਨਾ) (342783/- ਰੁਪਏ) ਅਤੇ ਖਰਚ (521119/- ਰੁਪਏ) ਹਨ।



**ਆਦਰ ਸਹਿਤ**

**ਸਰਦਾਰਨੀ ਹਰਪ੍ਰੀਤ ਕੌਰ ਪੇਲੀਆ, ਸਕੱਤਰ**

**ਸਿਹਤਮੰਦ ਰਹੋ ਅਤੇ ਸੁਰੱਖਿਆ ਰਹੋ।**

# ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵੱਲੋਂ ਭਵਨ 'ਤੇ ਦਾਇਰ ਕੇਸ ਰੱਦ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਮੂਹ ਮੈਂਬਰਾਂ ਨੂੰ ਜਾਣ ਕੇ ਖੁਸ਼ੀ ਮਹਿਸੂਸ ਹੋਵੇਗੀ ਕਿ ਫਾਊਂਡੇਸ਼ਨ ਦੀ ਪਿਛਲੇ ਸਾਲ ਅਪ੍ਰੈਲ 2021 ਵਿਚ ਹੋਈ ਇਲੈਕਸ਼ਨ ਸੰਬੰਧੀ ਕੁਝ ਮੈਂਬਰਾਨ ਵੱਲੋਂ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਅਤੇ ਫਿਰ ਇਸ ਹਾਈਕੋਰਟ ਦੇ ਫੈਸਲੇ ਅਨੁਸਾਰ ਫਿਰ ਰਜਿਸਟਰਾਰ ਫਰਮ ਐਂਡ ਸੁਸਾਇਟੀਜ਼ ਚੰਡੀਗੜ੍ਹ ਵਿਖੇ ਕੇਸ ਦਾਇਰ ਕੀਤਾ ਗਿਆ ਸੀ। ਇਸ ਕੇਸ ਦਾ ਫੈਸਲਾ ਰਜਿਸਟਰਡ ਫਰਮ ਐਂਡ ਸੁਸਾਇਟੀ ਚੰਡੀਗੜ੍ਹ ਵੱਲੋਂ ਮਿਤੀ 15-3-2022 ਨੂੰ ਦਿੱਤਾ ਗਿਆ। ਜਿਸ ਅਨੁਸਾਰ ਇਸ ਦਾਇਰ ਕੀਤੇ ਕੇਸ ਨੂੰ ਰੱਦ/ਡਿਸਮਿਸ ਕਰ ਦਿੱਤਾ ਗਿਆ।

ਸਬੰਧਤ ਹੁਕਮਾਂ ਦੀ ਕਾਪੀ ਮੈਂਬਰਾਂ ਦੀ ਜਾਣਕਾਰੀ ਲਈ ਨਾਲ ਨੱਥੀ ਕੀਤੀ ਜਾ ਰਹੀ ਹੈ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਹ ਫਾਊਂਡੇਸ਼ਨ ਲੁਬਾਣਾ ਭਾਈਚਾਰੇ ਦੀ ਸਿਰਮੌਰ ਅਤੇ ਸਨਮਾਨਜਨਕ ਸੰਸਥਾ ਹੈ। ਇਸ ਦੇ ਵੱਕਾਰ ਨੂੰ ਕਾਇਮ ਰੱਖਣਾ ਸਭ ਸਾਰਿਆਂ ਦਾ ਮੁੱਢਲਾ ਫਰਜ਼ ਬਣਦਾ ਹੈ। ਇਸ ਲਈ ਭਵਿੱਖ ਵਿਚ ਅਜਿਹੀਆਂ ਕਾਰਵਾਈਆਂ ਕਰਨ ਤੋਂ ਗੁਰੇਜ ਕੀਤਾ ਜਾਵੇ।

ਪ੍ਰਧਾਨ — ਸੰਪਾਦਕ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ — ਲੁਬਾਣਾ ਸੇਵਕ

From

The Registrar Firms & Societies
U.T., Chandigarh.

To

1. Sh. Harbhajan Singh (President)
   Baba Makhan Shah Lobana Foundation,
   Sector 30A, Chandigarh.
2. Sh. Balwinder Singh Multani, (Complainant)
   R/o H.No. 541, Phase 3A,
   Mohali.

Memo No. DC/RIA/2022/
Dated Chandigarh the

**Subject :-** Reply to the Representation dated 04.10.2021 moved by the Application for setting aside the Election of the President, Baba Makhan Shah Lobana Foundation Sector 30A, Chandigarh.

* * * * * *

Reference on the subject cited above.

Enclosed please find herewith a copy of speaking order passed by Registrar of Firms and Societies U.T., Chandigarh for information and necessary action.

**Sd/-**

**OFFICE OF THE REGISTRAR OF FIRMS AND SOCIETIES,**
**U.T. CHANDIGARH.**

1. Sh. Amarjit Singh and others filed CWP No. 15356 of 2021 in the Hon'ble Punjab and Haryana High Court, Chandigarh, titled as 'Amarjit Singh & others Verses State of U.T. Chandigarh & Others', for issuance of a Writ or direction, especially in the nature of Certiorari for setting aside the election of respondent No.4 (Sh. Harbhajan Singh) as 'President' of Baba Makhan Shah Lobana (Regd.) held in the month of March & april in which more than 25% of the electorate has been denied the right of casting vote and election has been conducted in violation of the provisions of the Society, further direction to respondent No.2 to decide the representation dated 13.07.2021 of the petitioner, and respondents No.1 & 2 to get fresh election conducted for the post of 'President'.

2. That the aforesaid Writ Petition came up for hearing before the Hon'ble Court was pleased to pass the following order :

   "Case taken up through video conferencing.

   By way of filling the present writ petitioner Amarjit Singh and others pray for setting aside of election of respondent No.4 - Harbhajan Singh as President of Baba Makhan Shah Lobana Foundation (Regd.), held in the month of March and April, 2021 citing various alleged irregularities and illegalities in the election process. In the writ petition, the petitioners have impleaded State of U.T. Chandigarh, Baba Makhan Shah Lobana Foundation (Regd.) through its General Secretary, Harbhajan Singh and Gurmeet Singh Nadala as respondents.

   Learned counsel representing U.T., Chandigarh has pointed out that Baba Makhan Shah Lobana Foundation has been registered under Societies Registration Act and Registrar of Firms and Societies has not been impleaded as a party rather Registrar, Co-operative Societies, U.T., Chandigarh has been impleaded as respondent No.2 in the present petition, who is not a proper party.

   Learned counsel for the petitioners states that the petitioners intend to approach the departmental authorities for redressal of their grievances and their only concerned is that the representation so submitted be decided expeditiously.

   Under the circumstances, the writ petition is disposed of relegating the petitioners to the remedy of approaching Registrar, Firms and Societies, U.T. Chandigarh or any other authority on administrative side for redressal of their grievances by moving detailed representation. It is hoped and expected that such representation, when moved would be decided expeditiously by way of passing a speaking order."

3. That is compliance of the aforesaid order of the Hon'ble High Court, the petitioners & others submitted representation dated 15.09.2021 alongwith the documents in support of their contentions, which was received in this office on 04.10.2021, wherein they contended that the election of the President of the Foundation is held in pursuance of the provisions of Article 12-A and 18 of its Constitution after three years and the process is initiated in the month of January and has to be completed by the end of March. The last election of the President was held in the year 2018 and this year i.e. 2021 has to be conducted. However, the election

process could not be initiated in the month of January, 2021 due to out-break of Covid-19 pandemic. The election committee was constituted in March, 2021 in violation of the provision laid down under Article 18 of the Constitution, as immediate Ex.-President of the Foundation Sh. Jagir Singh Lalia was not inducted in the present Committee and Sh. Harbhajan Singh who has been illegally elected as President in the month of March & April, 2021 was included as Member of the present election committee but due to his filing of nomination as President, he was removed from the said Committee and no replacement was made in his place. However, the Chairma Election Committee as mentioned in Para-5 of the Representation issued detailed notification on 11.03.2021 for conducting the election of President of the Foundation but the same was rescheduled due to prevailing situation of Covid-19. The petitioners further alleged that there are about 4500 eligible voters who were to cast their votes for the post of president of the Foundation which includes 400 new voters as per the Article 5 of the Constitution and the working committee was non-existence since 1st July, 2020, therefore, no approval of the committee was taken to include 400 new voters in final votes list. Further, as per schedule 2 candidates namely Harbhajan Singh and Amarjit Singh were left for election of President. The voting took place at designated places at Pathankot, Tanda, Jalandhar and Nadala from 18.04.2021 to 23.04.2021 but the last leg of polling at Chandigarh could not take place at Chandigarh as Chandigarh Admn. Vide its order dated 28.04.2021 received to grant permission of counting the polling on 29.04.2021 at Foundation office due to Covid-19 pandemic. The Chairman Election Committee vide notification dated 28.04.2021 postponed the polling at Chandigarh to be held on 29.04.2021. They further alleged that the Election Committee without conducting the election at Chandigarh in which more than 1100 voters were to cast vote, declared the result on the basis of polling held at the designated places on 18.04.2021 to 23.04.2021 and declared Harbhajan Singh as winner, which is illegal and against the principle of Election Law, as about 25% of electorate did not got opportunity to cast their vote and the election of the President is liable to be set aside.

4. That both the parties appeared before the undersigned on 11.11.2021 in connection with the hearing of the case. Copies each of the documents desired by Sh. Kulbir Singh, General Secretary of the Society were supplied to him and he was directed to furnish the reply on the next date of hearing i.e. 15.11.2021.

5. That the respondent No. 3 submitted reply dated 01.12.2021 to the representation of the petitioner dated 15.09.2021 (received on 04.10.2021), in which the respondent No. 3 stated that the petitioners have not disclosed that Amarjit Singh, Balwant Singh and Hardayal Singh Ghotra have signed the documents of vote casting sheet at Sr. No. 8, 9 and 12, respectively (Annexure R-1) and have cast their votes in the election on 29.04.2021 at Polling Booth, Chandigarh Sh. Amarjit Singh who was contesting the election to be post of President alongwith Harbhajan Singh on 29.04.2021, withdraw his nomination, unconditionally in writing on 20.04.2021 to facilitate the further process for conclusion of the election process. In view of this, the election process was reviewed and completed the election process on the

same day, as per Election Committee Notification dated 29.04.2021 (Annexure R-3 & R-4). A certificate (Annexure R-5) of election result was issued to Harbhajan Singh. In the evening Sh. Amarjit Singh in the General Body Meeting handed over a Bouquet of Flowers to the winning candidate as Harbhajan Singh for the post of President and addressed the members and welcomed the newly dlected President (photographs at Annexure R-6 & R-7). The respondent also attached the photographs (Annexure R-8 and R-9), prior to that opening of locks of Strong Room where Ballet Papers were kept in the presence of both the contesting candidates. The election result (Annexure R-10) was signed by Amarjit Singh. Thereafter, Sh. Amarjit Singh was appointed as Executive Committee member and worked till 20.09.2021 when he submitted his resignation from executive committee which was not addressed/submitted to the President and was returned vide letter dated 24.09.2021 (Annexure R-11). He also attended the first meeting of Executive committee on 27.06.2021 and signed the Attendance Sheet at Sr. No. 49 (Annexure R-12). The respondent No. 3 while replying on merit, stated that last election was held in the year 2017 and thereafter in March, 2020. The terms of Executive Committee further extended upto 30.06.2020 due to outbreak of Covid-19, thereafter became defunct as the election could not be held even upto 30.06.2020 and in terms of Article 12 (A) its members relinquished charge and are Adhoc Committee was formed in which their three past Presidents, namely, Harbhajan Singh, Gurcharan Singh and Pritam Singh took over the charge of power function and duties of the Foundation and intimation in this regard was sent to the Registrar Office vide letter dated 24.07.2020 (Annexure R-13). This committee initiated the election process on 06.03.2021 for conducting the election of President (Annexure R-14) as required under Article 12 of the Constitution and not under Article 18. The entire election process were accepted by the petitioners and other members and as such, they have no right to challenge the same. He further stated that Jagir Singh had relinquished his charge as President and was eligible to be appointed as member of the Election Committee under the provision of Article 12 (a & b). Sh. Harbhajan Singh before filing the nomination papers for election resigned from the membership of the committee on 20.0.2021 which as accepted on 21.03.2021 (Annexure R-16) and in his place Sh. Pritam Singh Ex-immediate President was appointed as member of the Election Committee in place of Harbhajan Singh vide letter dated 23.03.2021 (Annexure R-17). Sh. Jagir Singh was suspended from the membership of the Foundation vide letter dated 27.02.2021 (Annexure R-18) due to various financial misconduct and was even not entitled to cast his vote in the polling process. There are only 3889 eligible voters who were to cast their votes for the post of President who acquired their membership of the Foundation upto 6 months prior to the General Body meeting on 17.10.2020. The election was got conducted by the Election Committee as per its provisions under Article 12 (a & b) of the Constitution. The membership of new voters was duly approved under Article 5 of the Constitution by the Adhoc Committee. On 29.04.2021, with consent of both the contesting candidates the polling was held at Chandigarh and the result was accepted by both the contesting candidtes after counting of Votes. There is no provision in the Constitution of the

foundation regarding declaring the election as void ab initio on the ground of not casting of 25% of votes by the voters. In the election process 1944 votes were polled against total number of 3839 voters as per Master List. Moreover, Amarjit Singh had withdraw his candidature unconditionally as mentioned above. Apart from Amarjit Singh, two other applicants have casted their votes on 29.04.2021 at Polling Booth at Chandigarh and the respondents have already intimated the Registrar office vide letter dated 12.05.2021 (Annexure R-15) regarding taking over of charge of powers, functions and duties by the new Regular Management Committee.

6. That it is stated that under the Societies Registration Act, 1860, it is no part of function of the Registrar to inquire into the validity of meeting or whether a particular office bearer has been duly elected or not. However, the undersigned in compliance of the orders of the Hon'ble HIgh Court dated 08.09.2021 has examined the representation moved by the petitioners for setting aside the election and the reply therto submitted by the respondent and the documents attached therewith in support of their contention in the light of the Memorandum of Association and Rules & Regulations of the Society and the provisions contained in the Societies Registration Act, 1860. The Society and the provisions contained in the Societies Registration Act, 1860. The Society namely, Baba Makhan Shah Lobana Foundation, Lobana Bhawan, Sector 30-A, Chandigarh is registered with this office under the provisions of the Societies Registration Act, 1860 vide No. 218 on 06.06.1975. In the Constitution of the Society with regard to the membership, terms of Executive Committee and office bearers and General Body meeting contained in Articles 5, 12 (a & b) and 18, respectively have been carefully gone through.

7. That the election for the post of the President of the Society was conducted by the Election Committee at the designated places including Polling Booth at Chandigarh on the date fixed. It has been found that the petitioners/applicants have concealed the material facts in their representation with regard to the appointment of Sh. Amarjit Singh as Executive Committee member and worked till 20.09.2021, when he submitted resignation from Executive Committee and attended the first meeting of Executive Committee on 17.06.2021 and signed the Attendance Sheet, his unconditional withdrawal of his candidature and their participation in the election to the post of President held at Polling Station Chandigarh on 29.04.2021. Further the acceptance of both the contesting candidates to conduct the symbolic poling booth at Chandigarh for 29.04.2021 and after counting of votes, the result to be declared immediately, as such the petitioners/applicants by their own act and conduct have no right to challenge the process of election for the post of President.

In view of facts as narrated above, the undersigned is of view that the above matter is internal matter of the Baba Makhan Shah Lobana Foundation and the Societies Registration Act, 1860 is silent regarding interference of Registrar in any Registered Society. The application after due consideration is dismissed Petitioner/Applicant is hereby advised to sort the matter at their own level or through competent Court of law.

**Sd/-**

# ਪੰਜਾਬੀ ਦੇ ਲਹਿਜੇ

ਡਾ. ਨਿਰਮਲ ਸਿੰਘ ਲਾਂਬੜਾ

ਕਾਦਰ ਦੀ ਕੁਦਰਤ ਦਾ ਮੁੱਢ ਕਦੀਮ ਤੋਂ ਈ ਇਹ ਦਸਤੂਰ ਹੈ ਕਿ ਵੰਨ-ਸੁਵੰਨਤਾਈਆਂ ਦੇ ਸੁਮੇਲ ਰਾਹੀਂ ਹੀ ਵਿਕਾਸ ਸੰਭਵ ਹੈ। ਇਹ ਦਸਤੂਰ ਸਗਲ ਜਗਤ ਦੇ ਸਮੂਹ ਪਸਾਰਾਂ ਦੀਆਂ ਸਮੁੱਚੀਆਂ ਗਤੀਵਿਧੀਆਂ ਤੇ ਲਾਗੂ ਹੁੰਦਾ ਹੈ। ਏਕਤਾ ਦਾ ਜਨਮ ਅਨੇਕਤਾਵਾਂ ਦੇ ਏਕੇ ਵਿਚੋਂ ਹੀ ਹੋ ਸਕਦਾ ਹੈ। ਖੇਤਰ ਭਾਵੇਂ ਗਿਆਨ ਦਾ ਹੋਵੇ ਜਾਂ ਵਿਗਿਆਨ ਦਾ ਓਸ ਦਾ ਅਧਾਰ ਵਿਭਿੰਨਤਾਵਾਂ ਦੀ ਏਕਤਾ ਹੀ ਹੁੰਦਾ ਹੈ। ਕਿੰਨੇ ਹੀ ਕਿਸਮਾਂ ਦੇ ਰੰਗਬਰੰਗੇ ਮਹਿਕਦੇ ਟਹਿਕਦੇ ਫੁੱਲਾਂ ਨੂੰ ਜਦੋਂ ਗੁਲਦਸਤੇ ਦੇ ਰੂਪ ਵਿਚ ਬੰਨ੍ਹਿਆਂ ਜਾਂਦਾ ਹੈ, ਉਹਦੀ ਸੁੰਦਰਤਾ ਵਿਚ ਅਸੀਮ ਵਾਧਾ ਹੋ ਜਾਂਦਾ ਹੈ। ਇਕੱਲੇ ਕਾਰੇ ਫੁੱਲ ਨਾਲੋਂ ਗੁਲਦਸਤਾ ਕਈ ਗੁਣਾਂ ਸੋਹਣਾ ਤੇ ਮਨਮੋਹਣਾ ਬਣ ਜਾਂਦਾ ਹੈ।

ਆਪਣੇ ਵਿਚਾਰਾਂ ਨੂੰ ਮੁੱਦੇ ਤੇ ਕੇਂਦਰਿਤ ਕਰਦੇ ਹੋਏ ਅਸੀਂ ਅੱਜ ਗੱਲ ਆਪਣੀ ਪੁਸ਼ਤੈਨੀ ਜੂਹ ਪੰਜ ਪਾਣੀਆਂ ਦੀ ਧਰਤੀ ਦੇ ਬਸ਼ਿੰਦਿਆਂ ਦੀ ਭਾਸ਼ਾ ਅਰਥਾਤ ਜਬਾਨ ਦੀ ਖੂਬਸੂਰਤੀ ਦੀ ਕਰਨੀ ਹੈ। ਕਹਿੰਦੇ ਨੇ ਕਿ ਬੋਲੀ ਤਾਂ ਕੁਝ ਕੋਹਾਂ ਦੇ ਪੈਂਡੇ ਤੋਂ ਬਾਅਦ ਈ ਕੁਝ ਨਾ ਕੁਝ ਬਦਲ ਜਾਂਦੀ ਹੈ। ਪੰਜਾਬ ਦਾ ਖਿੱਤਾ ਤਾਂ ਸੁੱਖ ਨਾਲ ਚਾਰ ਪੰਜ ਸੌ ਕਿਲੋਮੀਟਰ ਪੱਛਮ ਤੋਂ ਪੂਰਬ ਅਤੇ ਏਨਾ ਕੁ ਹੀ ਉੱਤਰ ਤੋਂ ਦੱਖਣ ਵੱਲੋਂ ਫੈਲਿਆ ਹੋਇਆ ਹੈ। ਐਨੇ ਵੱਡੇ ਖੇਤਰ ਦੀ ਬੋਲੀ ਪੰਜਾਬੀ ਤਾਂ ਮੂਲ ਰੂਪ ਵਿਚ ਭਾਸ਼ਾ ਵਿਗਿਆਨੀਆਂ ਤੇ ਯੂਨੈਸਕੋ ਵੱਲੋਂ ਵੀ ਪ੍ਰਵਾਨਤ ਹੈ। ਉਂਝ ਇਹਦੀਆਂ ਉਪ ਬੋਲੀਆਂ ਤੇ ਲਹਿਜਿਆਂ ਬਾਬਤ ਸੰਜੀਦਾ ਖੋਜਕਾਰੀ ਕਦੀ ਵੀ ਬੱਝਵੇਂ ਰੂਪ ਵਿਚ ਨਹੀਂ ਹੋਈ। ਉਤਰ ਪੱਛਮ ਵਿਚ ਦਰਿਆ ਸਿੰਧ ਦੇ ਉਰਾਰ ਪਾਰ ਪਠਾਣਾਂ ਦੀ ਬੋਲੀ ਪਸ਼ਤੋ ਨਾਲ ਸਾਂਝ ਪਾਉਂਦੀ ਹਿੰਦਕੋ ਹਕੀਕਤ ਵਿਚ ਪੰਜਾਬੀ ਦੀ ਹੀ ਉਪਬੋਲੀ ਹੈ। ਇਸ ਦੇ ਨਾਲ ਲਗਦੀਆਂ ਦਰਿਆ ਜੇਹਲਮ ਤੋਂ ਉਪਰ, ਕੋਹਮਰੀ ਦੇ ਪਹਾੜਾਂ ਤੇ ਮੁਜਫਰਾਬਾਦ ਦੇ ਪਹਾੜੀ ਖੇਤਰ ਦੀ ਉਪਬੋਲੀ ਮੀਰਪੁਰੀ ਅਖਾਉਂਦੀ ਹੈ। ਹੇਠਾਂ ਨੀਮ ਪਹਾੜੀ ਪਠਾਰੀ ਜੂਹ ਵਿਚ ਰਾਵਲਪਿੰਡੀ, ਚਕਵਾਲ, ਇਸਲਾਮਾਬਾਦ ਵਾਲੇ ਸੁਆ ਨਦੀ ਦੇ ਆਲੇ-ਦੁਆਲੇ ਮਿੱਘੀ-ਤੁੱਘੀ ਵਾਲੀ ਪੋਠੋਹਾਰੀ ਦਾ ਵਿਸ਼ਾਲ ਖਿੱਤਾ ਹੈ। ਦੋਆਬਾ ਸਿੰਧ ਸਾਗਰ ਦੇ ਹੇਠਲੇ ਹਿੱਸੇ ਵਿਚ ਸ਼ਾਹਪੁਰੀ, ਥਲੀ ਲਹਿਜੇ ਹਨ। ਜੇਹਲਮ ਦਰਿਆ ਲੰਘ ਸੋਹਣੀ ਦੇ ਸ਼ਹਿਰ ਗੁਜਰਾਤ ਅਤੇ ਦਰਿਆ ਝਨ੍ਹਾਂ ਵਿਚਕਾਰ ਝੱਜ ਦੋਆਬ ਆ ਜਾਂਦਾ ਹੈ। ਇਹਦੇ ਉਪਰਲੇ ਪਹਾੜੀ ਖੇਤਰ ਵਿਚ ਪਣਛੀ ਲਹਿਜਾ ਪ੍ਰਧਾਨ ਤੇ ਥਲੜੇ ਹਿੱਸੇ 'ਚ ਸਰਗੋਧੀ ਉਪ ਬੋਲੀ ਹੈ। ਝਨ੍ਹਾਂ ਪਾਰ ਕਰਦਿਆ ਪੂਰਬ ਵੱਲ ਰਾਵੀ ਦਰਿਆਂ ਦੀਆਂ ਠਾਠਾਂ ਤੀਕਰ ਜੰਮੂ ਦੇ ਇਰਦ-ਗਿਰਦ ਡੋਗਰੀ ਦੇ ਝੰਡੇ ਝੂਲਦੇ ਹਨ, ਅਤੇ ਉੱਚੇ ਪਹਾੜਾਂ ਵਿਚ ਗੋਜਰੀ ਦਾ ਕੇਂਦਰ ਡੋਡਾ ਹੈ। ਹੇਠਾਂ ਪਿੰਡੀ ਭੱਟੀਆਂ, ਸ਼ੇਖੂਪੁਰਾ, ਨਨਕਾਣਾ ਸਾਹਿਬ, ਫੈਸਲਾਬਾਦ ਤੋਂ ਟੋਬਾ ਟੇਕ ਸਿੰਘ ਵਾਲੇ ਵਸੀਹ ਖਿੱਤੇ ਦੀ ਬੋਲੀ ਲਹਿੰਦੀ ਦੀ ਪੁੱਠ ਵਾਲੀ ਝਾਂਗੀ ਤੇ ਜਾਂਗਲੀ ਹੈ। ਅੱਗੋਂ ਰਾਵੀ ਲੰਘ ਬਿਆਸ ਤੋੜੀ ਪੰਜਾਬ ਦਾ ਕੇਂਦਰੀ ਬਾਰੀ ਦੋਆਬ ਅਰਥਾਤ ਮਾਝੇ ਦਾ ਖੇਤਰ ਹੈ। ਲਾਹੌਰ ਕਸੂਰ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਗੁਜਰਾਂਵਾਲਾ ਟਕਸਾਲੀ ਬੋਲੀ ਮਾਝੀ ਦੇ ਸਿਰਮੌਰ ਖਿੱਤੇ ਹਨ। ਬਿਆਸ ਅਤੇ ਸਤਲੁਜ ਦਰਮਿਆਨ ਉੱਤਰ ਵੱਲ ਪਹਿਲੋਂ ਕੰਢੀ ਦੀ ਰਮਨੀਕ ਜੂਹ ਨੀਮ ਪਹਾੜੀ ਇਲਾਕਾ ਹੈ ਜਿਸਦੇ ਉੱਪਰ ਵੱਲ ਕਾਂਗੜੀ, ਬਿਲਾਸਪੁਰੀ, ਮੰਡਿਆਲੀ ਪਹਾੜੀ ਲਹਿਜੇ ਹਨ ਤੇ ਕੰਢੀ ਦੀ ਆਪਣੀ ਉਪ ਬੋਲੀ ਪਹਾੜੀ ਡੋਗਰੀ ਤੇ ਦੋਆਬੀ ਦੇ ਮਿਸ਼ਰਣ ਵਾਲੀ ਮਿਸ਼ਰੀ ਵਰਗੀ ਮਿੱਠੀ ਬੋਲੀ ਹੈ। ਇਸ ਦਾ ਖੇਤਰ ਰਾਵੀ ਦੇ ਕੰਢਿਆਂ ਪਠਾਨਕੋਟ, ਧਾਰ ਤੋਂ ਸ਼ੁਰੂ ਹੋ ਕੇ ਮੁਕੇਰੀਆਂ, ਤਲਵਾੜਾ, ਕਮਾਹੀ ਦੇਵੀ, ਚਿੰਤਪੁਰਨੀ, ਊਨਾ, ਨੰਗਲ ਜੈਜੋ, ਨੂਰਪੁਰ ਬੇਦੀ, ਰੋਪੜ ਤੋਂ ਵੀ ਅੱਗੇ ਨਾਲਾਗੜ੍ਹ, ਪੰਜੌਰ, ਬੱਦੀ, ਕਾਲਕਾ, ਪਰਵਾਣੂੰ ਤੇ ਚੰਡੀਗੜ੍ਹ ਜਾਂ ਦਰਿਆ ਘੱਗਰ ਤੀਕ ਹੈ। ਇਸ ਤੋਂ ਹੇਠਾਂ ਹੁਸ਼ਿਆਰਪੁਰ, ਨਵਾਂ ਸ਼ਹਿਰ, ਜਲੰਧਰ, ਕਪੂਰਥਲੇ ਦੀ ਬੋਲੀ ਦਾ ਦੋਆਬੀ ਲਹਿਜਾ ਆ ਜਾਂਦਾ ਹੈ।

ਅਗਾਂਹ ਪੂਰਬ ਤੇ ਦੱਖਣ ਵੱਲ ਜਾਂਦਿਆਂ ਦਰਿਆ ਸਤਲੁਜ ਅਤੇ ਘੱਗਰ ਵਿਚਕਾਰ ਪੁਆਧੀ ਉਪ ਬੋਲੀ ਦਾ ਖੇਤਰ ਹੈ। ਇਸ ਜੂਹ ਵਿਚ ਅਨੰਦਪੁਰ ਸਾਹਿਬ, ਰੋਪੜ, ਚੰਡੀਗੜ੍ਹ, ਪੰਚਕੂਲਾ, ਮੁਹਾਲੀ, ਅੱਧਾ ਫਤਿਹਗੜ੍ਹ ਸਾਹਿਬ ਤੇ ਅੱਧਾ ਪਟਿਆਲੇ ਦਾ ਜਿਲ੍ਹਾ ਅਤੇ ਕੁਝ ਹਿੱਸਾ ਹਰਿਆਣੇ ਦਾ ਅੰਬਾਲਾ ਤੇ ਕੈਥਲ ਦੇ ਜ਼ਿਲ੍ਹੇ ਆ ਜਾਂਦੇ ਹਨ। ਪੁਆਧੀ ਲਹਿਜੇ ਦੀ ਆਪਣੀ ਖੂਬਸੂਰਤੀ ਹੈ। ਦੁਖਦਾਈ ਤੱਥ ਇਹ ਹੈ ਕਿ ਪੁਆਧੀ ਬੋਲੀ ਉੱਤੇ ਚੰਡੀਗੜ੍ਹ ਦੇ ਆਧੁਨਿਕ ਮਹਾਂਨਗਰ ਤੇ ਆਸ-ਪਾਸ ਦੇ ਸ਼ਹਿਰਾਂ ਵਿਚ ਪੰਜਾਬ ਹਰਿਆਣਾ ਹਿਮਾਚਲ ਤੋਂ ਆਈ ਵਣ-ਵਣ ਦੀ ਵਸੋਂ ਅਤੇ ਪੂਰਬੀਆਂ ਦਾ ਗਲਬਾ ਹੋ ਗਿਆ ਹੈ। ਇਹਦੇ ਨਾਲ ਪੁਆਧੀ ਦੀ ਠੁੱਕ ਠੇਠਤਾਈ ਨੂੰ ਗੰਭੀਰ ਸੱਟ ਵੱਜੀ ਹੈ।

ਫੇਰ ਲੁਧਿਆਣਾ, ਮੋਗਾ, ਫਰੀਦਕੋਟ, ਫਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ, ਬਠਿੰਡਾ, ਮਾਨਸਾਂ, ਬਰਨਾਲਾ, ਸੰਗਰੂਰ ਨਾਭਾ ਤੋਂ ਅਮਲੋਹ ਤੱਕ ਦਾ ਇਲਾਕਾ ਮਾਲਵਾ ਅਖਵਾਉਂਦਾ ਹੈ। ਇਸ ਲੰਬੇ ਚੌੜੇ ਖੇਤਰ ਦੀ ਉਪਬੋਲੀ ਮਲਵਈ ਆਖੀ ਜਾਂਦੀ ਹੈ। ਘੱਗਰੋਂ ਪਾਰ ਟੋਹਾਣਾਂ, ਫਤਿਆਵਾਦ ਤੇ ਕੁਝ ਕੁ ਹਿੱਸੇ ਜੀਂਦ ਤੇ ਹਿਸਾਰ ਦਾ ਲਹਿਜਾ ਬਾਗਰੂ ਹੈ। ਸਿਰਸਾ, ਹਿਸਾਰ ਤੇ ਰਾਜਸਥਾਨ ਦਾ ਹਨੂੰਮਾਨ ਗੜ੍ਹ, ਗੰਗਾ ਨਗਰ ਦਾ ਖੇਤਰ ਬਾਗੜੀ ਉਪਬੋਲੀ ਦਾ ਹੈ। ਮਾਲਵੇ ਦੇ ਦੱਖਣ ਪੱਛਮ ਵੱਲ ਮੋੜਾ ਕੱਟਦੇ ਹੋਏ ਫਾਜ਼ਿਲਕਾ ਤੇ ਫਿਰੋਜਪੁਰੋਂ ਸੱਤਲੁਜ ਤੋਂ ਦੱਖਣ ਵੱਲ ਵੱਡਾ ਰੇਗਿਸਤਾਨੀ ਖੇਤਰ ਬਹਾਵਲ ਨਗਰ, ਬਹਾਵਲ ਪੁਰ, ਰਹੀਮਯਾਰ ਖਾਨ ਤੀਕਰ ਬਹਾਉਲੀ / ਸਰਾਇਕੀ ਲਹਿਜਾ ਹੈ। ਅੱਗੋਂ ਸਤਲੁਜ ਤੇ ਰਾਵੀ ਵਿਚਕਾਰ ਲਹਿੰਦੀ ਬੋਲੀ ਦੀ ਜੂਹ ਲੰਮਾ ਦੇਸ ਆ ਜਾਂਦੀ ਹੈ। ਇਹਦੇ ਵਿਚ ਉਕਾੜ੍ਹਾ, ਸਾਹੀਵਾਲ, ਪਾਕਪਟਨ, ਮੁਲਤਾਨ, ਵਿਹਾੜੀ ਦੇ ਪੰਜਾਬ ਦੇ ਧੁਰ ਦੱਖਣੀ ਹਿੱਸੇ ਸਿੰਧੀ ਬੋਲੀ ਨਾਲ ਸਾਂਝ ਰੱਖਣ ਵਾਲੇ ਪੰਜਾਬੀ ਦੀ ਪੁਰਾਤਨ ਵਿਰਾਸਤੀ ਜੁਬਾਨ ਲਹਿੰਦੀ ਦੇ ਖੇਤਰ ਹਨ। ਭਲੇ ਸਮਿਆਂ ਵਿਚ ਮੁਲਤਾਨੀ ਹੀ ਸਾਡੇ ਸੂਫੀ ਬਾਬਿਆਂ, ਕਿੱਸਾ ਕਾਰਾਂ ਤੇ ਗੁਰੂ

ਨਾਨਕ ਦੇਵ ਜੀ ਦੇ ਵੇਲਿਆਂ ਤੱਕ ਇਸ ਖਿੱਤੇ ਦੀ ਮੁੱਖ ਬੋਲੀ ਰਹੀ ਹੈ। ਪਿੱਛੋਂ ਆ ਕੇ ਲਾਹੌਰੀ ਜਾਂ ਮਾਝੀ ਨੇ ਪਿੜ ਮੱਲ ਲਿਆ।

1947 ਈ: ਵਾਲੇ ਅਤਿਅੰਤ ਭਿਆਨਕ ਸਮੇਂ ਨੇ ਪੰਜਾਬ ਦੀ ਜ਼ੁਬਾਨ, ਇਥੋਂ ਦੀ ਇਕਜੁੱਟ ਸਭਿਆਚਾਰਕ ਵਿਰਾਸਤ ਅਤੇ ਇਤਿਹਾਸ ਦਾ ਜੋ ਘਾਣ ਕੀਤਾ ਉਹ ਅਸਹਿ ਅਤੇ ਅਕਿਹ ਹੈ। ਦੱਖਣੀ ਏਸ਼ੀਆਂ ਦੇ ਸਿਰਮੌਰ ਖੇਤਰ ਨੂੰ ਖੱਖੜੀਆਂ ਕਰੇਲੇ ਕਰ ਕੇ ਜੋ ਤਰਸ ਜੋਗ ਹਾਲਤ ਉਸ ਵੇਲੇ ਦੇ ਹੁਕਮਰਾਨਾ ਨੇ ਸਾਡੀ ਮਾਂ ਬੋਲੀ ਦੀ ਕੀਤੀ ਉਹ ਇਤਿਹਾਸ ਨੂੰ ਸਦਾ ਹੀ ਕਲੰਕਤ ਕਰਦੀ ਰਹੇਗੀ। ਅੱਜ ਲਹਿੰਦੇ ਵਾਲੇ ਪੰਜਾਬ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਆਪਣੀ ਮਾਦਰੀ ਜ਼ੁਬਾਨ ਸਰਕਾਰ ਦੇ ਕਿਸੇ ਅਦਾਰੇ ਜਾਂ ਸਦਰ ਸ਼ਹਿਰ ਲਾਹੌਰ ਦੀਆਂ ਅਦਾਲਤਾਂ ਤੇ ਅਸੈਂਬਲੀ ਦੀਆਂ ਬਰੂਹਾਂ ਵੀ ਨਹੀਂ ਲੰਘ ਸਕਦੀ। ਉੱਥੇ ਉਰਦੂ ਅੰਗ੍ਰੇਜ਼ੀ ਦਾ ਬੋਲ ਬਾਲਾ ਹੈ। ਚੜ੍ਹਦੇ ਪੰਜਾਬ ਦੀ ਅੱਗੋਂ ਹੋਈ ਵੰਡ ਦਰ ਵੰਡ ਨੇ ਦਿੱਲੀ ਹਰਿਆਣਾ, ਹਿਮਾਚਲ ਅਤੇ ਜੰਮੂ ਵਿਚ ਪੰਜਾਬੀ ਨੂੰ ਮਰਨ ਕੰਢੇ ਤੇ ਪਹੁੰਚਾ ਦਿੱਤਾ ਹੈ। ਹੁਣ ਤੋਂ ਤੀਹ ਕੁ ਵਰ੍ਹੇ ਪਹਿਲਾਂ ਆਪਣੀਆਂ ਪੰਜਾਬਣ ਮਾਵਾਂ ਦੇ ਜਾਇਆ ਨੇ ਆਪਣੀਆਂ ਜੜ੍ਹਾ ਫਰੋਲਣ ਪਿਛੋਂ ਇਕ ਅਸਲੀ ਤੇ ਨਿਵੇਕਲੀ ਕਿਸਮ ਦੀ ਢਾਣੀ, 'ਪੰਜਾਬੀ ਸੱਥ' ਨਾਮੀਂ ਬਿਲਕੁਲ ਹੇਠਲੀ ਪੱਧਰ ਤੇ ਕੰਮ ਕਰਨ ਵਾਲੀ ਜਥੇਬੰਦੀ ਦਾ ਮੁੱਢ ਬੰਨ੍ਹਿਆ। ਇਸ ਦਾ ਮੁੱਖ ਮਨੋਰਥ ਰਵਾਇਤੀ ਲੀਹ ਤੋਂ ਹਟਵਾਂ ਪੰਜਾਬ ਦੀ ਬੋਲੀ ਵਿਰਾਸਤ, ਸਭਿਆਚਾਰ ਅਤੇ ਇਤਿਹਾਸ ਨੂੰ ਖੰਘਾਲ ਕੇ ਬਦਲਵੇਂ ਤੌਰ ਤਰੀਕਿਆਂ ਰਾਹੀ ਇਸ ਖਿੱਤੇ ਦੇ ਅਤੀਤ ਤੋਂ ਸਬਕ ਸਿੱਖ ਕੇ ਵਰਤਮਾਨ ਵਿਚ ਸਮੇਂ ਦੇ ਹਾਣੀ ਬਣ ਕੇ ਭਵਿੱਖ ਦਾ ਰਸਤਾ ਲੱਭਣਾ ਮਿੱਥਿਆ ਗਿਆ।

ਸਮਾਂ ਬੜਾ ਸਮਰੱਥ ਕਿਰਦਾਰ ਸਦਾ ਹੀ ਨਿਭਾਉਂਦਾ ਰਿਹਾ ਹੈ। ਗਿਆਨ-ਵਿਗਿਆਨ ਨੇ ਨਵੀਆਂ ਤੋਂ ਨਵੀਆਂ ਅਲੋਕਾਰੀ ਕਾਢਾਂ ਰਾਹੀਂ ਅਨੇਕਾਂ ਹੀ ਸੰਦ ਅਤੇ ਤੌਰ ਤਰੀਕੇ ਖੋਜ ਕੇ ਪੰਜਾਬੀ ਦੀ ਸਾਂਭ-ਸੰਭਾਲ, ਤਰੱਕੀ ਕਰਨ ਤੇ ਸਮੇਂ ਦੇ ਹਾਣੀ ਬਣਨ ਦੇ ਰਾਹ ਖੋਲ੍ਹ ਦਿੱਤੇ ਹਨ। ਹੁਣ ਤੋਂ ਸਿਰਫ ਸੱਤਰ ਕੁ ਸਾਲ ਪਹਿਲਾਂ ਪੰਜਾਬੀ ਦੇ ਮੁੱਢਈ ਅਖਬਾਰ ਵੀ ਉਰਦੂ ਵਾਲੇ ਅੱਖਰਾਂ ਵਿਚ ਹੀ ਛਪਦੇ ਸਨ। ਅੱਜ ਪੰਜਾਬੀ ਦੇ ਦਰਜਨਾਂ ਹੀ ਨਹੀਂ ਸੈਂਕੜੇ ਅਖਬਾਰ, ਰਸਾਲੇ ਕਾਗਜਾਂ ਤੇ ਹੀ ਨਹੀਂ ਕੰਪਿਊਟਰ, ਟੈਲੀਫੋਨ ਤੇ ਆਨਲਾਇਨ ਧੜਾ ਧੜ ਛਪਦੇ ਤੇ ਪੜ੍ਹੇ ਜਾਂਦੇ ਹਨ। ਹੱਦਾਂ, ਸਰਹੱਦਾਂ, ਹਕੂਮਤਾਂ ਲੋਕਾਈ ਦੀਆਂ ਬੋਲੀਆਂ ਤੇ ਲਿਪੀਆਂ ਦੇ ਪਸਾਰ ਨੂੰ ਡੱਕਣ ਵਿਚ ਅਸਫਲ ਹੋ ਚੁੱਕੀਆਂ ਹਨ। ਵੀਹਵੀਂ ਸਦੀ ਦੇ ਅੰਤਲੇ ਅਤੇ ਇੱਕੀਵੀਂ ਦੇ ਮੁੱਢਲੇ ਸਾਲਾਂ ਨੇ ਮੌਕੇ ਬਖਸ਼ੇ ਹਨ ਕਿ ਅਸੀਂ ਆਪਣੀ ਹੀਣਤਾਈ ਦੇ ਖੋਲ਼ ਵਿਚੋਂ ਬਾਹਰ ਨਿਕਲ ਕੇ ਖੁੱਲ੍ਹੇ-ਡੁੱਲ੍ਹੇ ਮੋਕਲੇ ਮਾਹੌਲ ਵਿਚ ਆਪਣਾ ਸਵੈ-ਮਾਣ ਤੇ ਅਣਖ ਦੀਆਂ ਵਿਰਾਸਤੀ ਸ਼ਾਨਾਂ ਜੱਗ ਜਾਹਰ ਕਰੀਏ। ਮੜਕ ਨਾਲ ਤੁਰਨ ਦੀ ਜਾਂਚ ਸਿੱਖ ਕੇ ਅੱਗੇ ਤੋਂ ਅੱਗੇ ਵਧੀਏ। ਕੁਦਰਤ ਵੱਲੋਂ ਬਖ਼ਸ਼ੀ ਦਾਤ ਰੂਪੀ ਸੁਰਤ ਤੇ ਸੋਝੀ ਰਾਹੀਂ ਭਿੰਨ ਭਿੰਨ ਲਹਿਜਿਆਂ 'ਚੋਂ ਮਾਂ ਪੰਜਾਬੀ ਦਾ ਮੁਹਾਂਦਰਾ ਪਛਾਣੀਏ।



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਮਾਣਮੱਤੀ ਪ੍ਰਾਪਤੀ



ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਮੁਕੇਰੀਆਂ ਨਜ਼ਦੀਕ ਲੁਬਾਣਾ ਬਰਾਦਰੀ ਦੇ ਮਸ਼ਹੂਰ ਪਿੰਡ ਟਾਂਡਾ ਰਾਮ ਸਹਾਏ ਦੇ ਜੰਮਪਲ ਸਤਿੰਦਰਪਾਲ ਸਿੰਘ ਨੇ ਕੈਨੇਡਾ ਵਿਚ ਮੈਨੀਟੋਬਾ ਸਟੇਟ ਵਿਚ ਸਰਕਾਰੀ ਜੇਲ੍ਹ ਵਿਭਾਗ ਵਿਚ ਕੁਰੈਕਸ਼ਨਲ ਅਫ਼ਸਰ ਦੀ ਅਸਾਮੀ ਤੇ ਨਿਯੁਕਤ ਹੋ ਕੇ ਬਰਾਦਰੀ ਅਤੇ ਆਪਣੇ ਮਾਪਿਆਂ ਦਾ ਨਾਮ ਸਮਾਜ ਵਿਚ ਉੱਚਾ ਕੀਤਾ ਹੈ। ਜਿਸ ਦੀ ਸਾਰੇ ਪਾਸੇ ਸਿਫ਼ਤ ਹੋ ਰਹੀ ਹੈ। ਸਤਿੰਦਰਪਾਲ ਸਿੰਘ ਦੇ ਪਿਤਾ ਸ. ਜਸਪਾਲ ਸਿੰਘ ਜੋ ਕਿ ਪਿੰਡ ਟਾਂਡਾ ਰਾਮ ਸਹਾਏ ਵਿਚ ਸੀਮਿੰਟ ਸਰੀਏ ਦਾ ਕਾਰੋਬਾਰ ਕਰ ਰਹੇ ਹਨ, ਨੇ ਦੱਸਿਆ ਕਿ ਉਹਨਾਂ ਦੇ ਲੜਕੇ ਨੇ ਮੁੱਢਲੀ ਵਿੱਦਿਆ ਡਲਹੌਜੀ ਪਬਲਿਕ ਸਕੂਲ ਡਲਹੌਜੀ ਅਤੇ ਸਪਰਿੰਗਡੇਲ ਹਾਈ ਸਕੂਲ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਬਾਰਵੀਂ ਜਮਾਤ ਪਾਸ ਕਰਨ ਤੋਂ ਬਾਅਦ ਸਾਇੰਸ, ਮੈਥ ਦੀ ਉਚੇਰੀ ਪੜ੍ਹਾਈ ਕਰਨ ਹਿੱਤ ਉਹ ਕੈਨੇਡਾ ਦੇ ਮੈਨੀਟੋਬਾ ਸਟੇਟ ਵਿਚ ਦਾਖਲਾ ਲਿਆ। ਇਲੈਕਟ੍ਰੌਨਿਕ ਇੰਜੀਨੀਅਰਿੰਗ ਵਿਚ ਡਿਗਰੀ ਪ੍ਰਾਪਤ ਕੀਤੀ। ਮੈਨੀਟੋਬਾ ਵਿਚ ਪਹਿਲਾਂ ਸ਼ੈਰਿਫ਼ ਅਫ਼ਸਰ ਦੀ ਨੌਕਰੀ ਪ੍ਰਾਪਤ ਕੀਤੀ ਤੇ ਫਿਰ ਪੁਲਿਸ ਵਿਭਾਗ ਵਿਚ ਕੁਰੈਸ਼ਨਲ ਅਫ਼ਸਰ ਦੀ ਅਸਾਮੀ ਦਾ ਟੈਸਟ ਅਤੇ ਇੰਟਰਵਿਊ ਪਾਸ ਕਰਨ ਉਪਰੰਤ ਮੈਨੀਟੋਬਾ ਵਿਚ ਹੀ ਕੁਰੈਕਸ਼ਨਲ ਅਫ਼ਸਰ ਦੀ ਅਸਾਮੀ ਪ੍ਰਾਪਤ ਕੀਤੀ। ਕੁਰੈਕਸ਼ਨਲ ਅਫ਼ਸਰ ਜੇਲ੍ਹ ਪੁਲਿਸ ਵਿਚ ਅਹਿਮ ਅਧਿਕਾਰੀ ਹੁੰਦਾ ਹੈ।

ਸਤਿੰਦਰਪਾਲ ਸਿੰਘ ਸਵਰਗਵਾਸੀ ਜਥੇਦਾਰ ਬਲਵੰਤ ਸਿੰਘ ਵਾਸੀ ਟਾਂਡਾ ਰਾਮ ਸਹਾਏ ਦੇ ਪੋਤਰੇ ਹਨ। ਜਥੇਦਾਰ ਬਲਵੰਤ ਸਿੰਘ ਸਵਰਗੀ ਗਿਆਨੀ ਹੇਮ ਸਿੰਘ ਜੀ ਦੇ ਨਜ਼ਦੀਕੀ ਸਾਥੀ ਰਹੇ ਹਨ ਅਤੇ ਦੇਸ਼ ਦੀ ਵੰਡ ਵੇਲੇ ਉੱਜੜ ਕੇ ਇਧਰ ਆਏ ਸਰਨਾਰਥੀਆਂ ਦੇ ਮੁੜ ਵਸੇਬੇ ਵਿਚ ਉਹਨਾਂ ਗਿਆਨੀ ਹੇਮ ਸਿੰਘ ਜੀ ਨਾਲ ਬਹੁਤ ਹੀ ਉੱਤਮ ਸਮਾਜ ਸੇਵਾ ਕੀਤੀ।

ਸਤਿੰਦਰਪਾਲ ਸਿੰਘ ਤੇ ਉਹਨਾਂ ਦੇ ਪਰਿਵਾਰ ਨੂੰ ਅਦਾਰਾ ਲੁਬਾਣਾ ਸੇਵਕ ਅਤੇ ਸਮੁੱਚੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵਲੋਂ ਬਹੁਤ-ਬਹੁਤ ਮੁਬਾਰਕਾਂ ਅਤੇ ਸ਼ੁਭ ਇਛਾਵਾਂ।

**ਸੁਰਿੰਦਰ ਸਿੰਘ ਰੂਬੀ**

**ਸਹਿ-ਸੰਪਾਦਕ**

# ਜੇਠੂ ਦਾ ਕੋਠਾ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

**ਸਥਾਨ** : ਇੱਕ ਕਸਬੇ ਦੇ ਬਾਹਰਵਾਰ ਇਕ ਕਮਰੇ ਦਾ ਘਰ ਹੈ ਅਤੇ ਉਸ ਦੇ ਅੱਗੇ ਥੋੜ੍ਹਾ ਜਿਹਾ ਵਿਹੜੇ ਵਰਗਾ ਥਾਂ ਹੈ, ਨਾਲ ਹੀ ਇੱਕ ਪਾਰਕ ਹੈ, ਪਾਰਕ ਵਿਚ ਇਕ ਪਾਸੇ ਸਟੇਜ ਬਣੀ ਹੋਈ ਹੈ। ਜੇਠੂ ਦੇ ਘਰ ਦੇ ਅੱਗੇ ਛੋਟਾ ਜਿਹਾ ਵਿਹੜਾ ਨਾਟਕ ਖੇਡਣ ਲਈ ਸਟੇਜ਼ ਨੰ. 1 ਹੈ ਅਤੇ ਪਾਰਕ ਵਿਚਲੀ ਸਟੇਜ਼, ਸਟੇਜ਼ ਨੰ. 2 ਦਾ ਮੰਤਵ ਹੱਲ ਕਰਦੀ ਹੈ।

(ਜੇਠੂ ਆਪਣੇ ਵਿਹੜੇ ਵਿਚ ਖੜ੍ਹਾ ਹੈ ਅਤੇ ਕੁਝ ਸੋਚ ਰਿਹਾ ਪ੍ਰਤੀਤ ਹੁੰਦਾ ਹੈ, ਇਕ ਗੁਆਂਢੀ ਦੇ ਘਰ ਤੋਂ ਟੇਪ ਦੀ ਆਵਾਜ਼ 'ਤੇ ਗੀਤ ਦੇ ਕੁੱਝ ਬੋਲ ਜੇਠੂ ਦੇ ਮਨ ਨੂੰ ਆਪਣੇ ਵੱਲ ਖਿੱਚ ਲੈਂਦੇ ਹਨ।

**ਗੀਤ ਦੇ ਬੋਲ** : ਜੀਵਨ ਦੇ ਨੇ ਤਿੰਨ ਨਿਸ਼ਾਨ
ਰੋਟੀ, ਕੱਪੜਾ ਤੇ ਮਕਾਨ।
ਇਸ ਤੋਂ ਬਿਨਾਂ ਕੀ ਇਨਸਾਨ?
ਰੋਟੀ, ਕੱਪੜਾ ਤੇ ਮਕਾਨ।
ਜੀਵਨ ਦੇ ਨੇ ਤਿੰਨ ਨਿਸ਼ਾਨ.....

**ਜੇਠੂ** : (ਆਪਣੇ ਆਪ ਨਾਲ ਹੀ) ਰੇਡੀਉ ਤੇ ਗਾਣਾ ਠੀਕ ਈ ਚੱਲਦਾ ਪਿਆ ਸੀ, ਬੜੇ ਕਮਾਲ ਦਾ ਗੀਤ ਸੀ। ਹਰ ਬੰਦੇ ਨੂੰ ਤਿੰਨ ਚੀਜ਼ਾਂ ਤਾਂ ਚਾਹੀਦੀਆਂ ਨੇ—ਕੁੱਲੀ, ਗੁੱਲੀ ਤੇ ਜੁੱਲੀ। ਬੰਦਾ ਰੁੱਖੀ ਸੁੱਖੀ ਰੋਟੀ ਖਾ ਕੇ ਰੱਬ ਦਾ ਸ਼ੁਕਰ ਮਨਾ ਹੀ ਲੈਂਦੇ, ਕੱਪੜਾ ਵੀ ਪਾਟਾ ਪੁਰਾਣਾ ਘੱਸਿਆ ਪਿਟਿਆ ਪਾ ਕੇ ਗਰਮੀ ਸਰਦੀ ਕੱਢ ਹੀ ਲੈਂਦੇ ਪਰ ਮਕਾਨ....... ਆਹ ਮਕਾਨ ਕਦੇ ਸਾਡਾ ਆਪਣਾ ਹੁੰਦਾ ਸੀ, ਸਾਡੇ ਬਾਪੂ ਨੂੰ ਉਸ ਕੁਲਹਿਣੀ ਘੜੀ 'ਚ ਸੇਠ ਕੁੜਿੱਕੀ ਸ਼ਾਹ ਨੇ ਘੇਰ ਲਿਆ। ਬਾਪੂ ਬਿਮਾਰ ਕੀ ਹੋ ਗਿਆ....... ਜਦ ਰਾਜ਼ੀ ਹੋਇਆ ਤਾਂ ਕੁੜਿੱਕੀ ਸ਼ਾਹ ਨੇ ਕਰਜ਼ੇ ਦੀ ਪੰਡ ਤਿਆਰ ਕਰ ਛੱਡੀ ਸੀ ਤੇ ਸਾਡੇ ਇਸ ਮਕਾਨ ਤੇ ਕੰਜਰ ਕੁੜਿੱਕੀ ਦਾ ਕਬਜ਼ਾ ਹੋ ਗਿਆ। ਹਰ ਮਹੀਨੇ ਪੰਜ ਸੌ ਰੁਪਏ ਇਸ ਮਕਾਨ ਦਾ ਕਿਰਾਇਆ ਦੇਣਾ ਪੈਂਦੇ। ਐਤਕਾਂ ਨਵਾਂ ਸਾਲ ਚੜ੍ਹਿਆ, ਅਰਦਾਸ ਕੀਤੀ-ਹੇ ਸੱਚੇ ਪਾਤਸ਼ਾਹ! ਨੀਲੀ ਛੱਤ ਵਾਲਿਆ! ਕੰਮ 'ਚ ਵਾਧੇ ਕਰੀਂ। ਰੱਬ ਨੂੰ ਯਾਦ ਕਰਕੇ ਮੈਂ ਖੁਸ਼ੀ-ਖੁਸ਼ੀ ਗਾਉਣ ਲੱਗ ਪਿਆ-

ਟੁੱਟ ਭੁੱਟ ਜਾਵੇ ਗਰੀਬੀ ਦਾ
ਜੋ ਬੁਣਿਆ ਜਾਲ ਹੈ,
ਆਇਆ ਨਵਾਂ ਸਾਲ ਹੈ।

ਕਲ੍ਹ ਮੇਰੇ ਕੋਲੋਂ ਲੰਘਿਆ, ਮੂੰਹ ਚਿੱਬ ਖੜਿੱਬਾ ਬਣਾਇਆ ਸੀ ਕੁੜਿੱਕੀ ਸ਼ਾਹ ਨੇ, ਮੈਂ ਨੀਵੀਂ ਪਾ ਲਈ। ਸੋਚਿਆ, ਅੱਖ ਮਿਲਾਉਣ ਨਾਲੋਂ ਅੱਖ ਬਚਾਉਣੀ ਹੀ ਠੀਕ ਏ। ਪਰ ਉਹਨੇ ਮੈਨੂੰ ਮੋਢੇ ਤੋਂ ਫੜ੍ਹ ਕੇ ਪਾਟੇ ਢੋਲ ਵਰਗੀ ਵਾਜ ਕੱਢ ਕੇ ਕਿਹਾ-ਮਕਾਨ ਦਾ ਕਿਰਾਇਆ ਛੇ ਸੌ ਹੋ ਗਿਐ ਪਹਿਲੀ ਤੋਂ, ਨਾਲ ਹੀ ਮੇਰਾ ਨਵਾਂ ਸਾਲ ਮਨਾ ਕੇ ਰੱਖ ਦਿੱਤਾ। ਕੁੜਿੱਕੀ ਸ਼ਾਹ ਦੀ ਬੂਥੀ ਜਦ ਵੀ ਮੇਰੀਆਂ ਅੱਖਾਂ ਅੱਗੇ ਆਉਂਦੀ ਏ ਤਾਂ ਮੇਰਾ ਦਿਲ ਕਾਹਲਾ ਪੈਣ ਲੱਗਦਾ ਏ। ਸਵੇਰ ਦਾ ਮੇਰਾ ਬਲੱਡ ਪਰੈਸ਼ਰ ਵਧਿਆ ਜਾਪਦੈ-ਆਇਆ ਨਹੀਂ ਡਾਕਟਰ ਜੋਗਾ ਸਿੰਘ, ਫਕੀਰੇ ਘਰ ਗਿਆ ਸੀ ਬੁਖ਼ਾਰ ਦੀ ਦਵਾ ਦੇਣ, ਉਥੇ ਈ ਛਾਉਣੀ ਪਾ ਕੇ ਬਹਿ ਗਿਐ।

(ਡਾਕਟਰ ਜੋਗਾ ਸਿੰਘ ਆਉਂਦਾ ਹੈ)

**ਡਾਕਟਰ** : ਕਿਵੇਂ ਜੇਠੂ?

**ਜੇਠੂ** : ਮੈਂ ਤਾਂ ਉਡੀਕਦਾ ਉਡੀਕਦਾ ਬੁੱਢਾ ਹੋ ਗਿਆਂ ਤੁਹਾਨੂੰ ਡਾਕਟਰ ਸਾਹਿਬ।

**ਡਾਕਟਰ** : ਫਕੀਰੇ ਦੇ ਸਾਰੇ ਜੀਅ ਮੰਜੀਆਂ ਮੱਲ ਕੇ ਬੈਠੇ ਨੇ।ਉਥੇ ਮਰੀਜ਼ ਵੇਖ-ਵੇਖ ਖੁਦ ਮਰੀਜ਼ ਬਣ ਗਿਆਂ।

**ਜੇਠੂ** : ਡਾਕਟਰ ਸਾਹਿਬ, ਮੈਨੂੰ ਵੇਖਿਓ ਜਰਾ।

**ਡਾਕਟਰ** : ਹੌਂਸਲਾ ਰੱਖ, ਮਰਦਾ ਨਹੀਂ ਤੂੰ।

**ਜੇਠੂ** : ਤਾਂ ਫਿਰ ਉਦੋਂ ਟੀਕਾ ਲਾਵੇਂਗਾ ਜਦ ਮੈਂ ਮਰ ਗਿਆ। ਮੇਰਾ ਦਿਲ....... ਮੇਰਾ ਦਿਲ ਘਾਬਰਦਾ ਪਿਐ। ਡਾਕਟਰ ਸਾਹਿਬ, ਮੈਂ ਗਿਆ.....

(ਜੇਠੂ ਰੋ ਪੈਂਦਾ ਹੈ)

**ਡਾਕਟਰ** : (ਮਖੌਲ ਭਰੇ ਅੰਦਾਜ਼ ਵਿਚ) ਕਿਉਂ ਚੀਕਾਂ ਮਾਰੀ ਜਾਂਦੈ?

**ਜੇਠੂ** : ਮੇਰਾ ਬਲੱਡ ਪਰੈਸ਼ਰ.......

**ਡਾਕਟਰ** : ਯੈੱਸ ਕਮ ਆਨ, ਬਾਂਹ ਇਧਰ ਕਰ (ਬੈਗ ਵਿੱਚੋਂ ਬਲੱਡ ਪਰੈਸ਼ਰ ਚੈੱਕ ਕਰਨ ਵਾਲੀ ਮਸ਼ੀਨ ਬਾਹਰ ਕੱਢਦਾ ਹੈ) ਹੈਂ ਵੱਟ?

**ਜੇਠੂ** : ਕੀ ਹੋ ਗਿਐ ਮੈਨੂੰ, ਮੇਰੇ ਛੋਟੇ ਛੋਟੇ ਬੱਚੇ.......

**ਡਾਕਟਰ** : ਕਮਾਲ ਹੋ ਗਈ, ਬਲੱਡ ਤੇਰੇ ਵਿੱਚ ਹੈ ਨਹੀਂ, ਪਰੈਸ਼ਰ ਕਿਥੋਂ ਆ ਗਿਆ?

**ਜੇਠੂ** : ਆਹ ਤਾਂ ਕੁੜਿੱਕੀ ਸ਼ਾਹ ਕਰਕੇ ਜੀ, ਮੇਰਾ.......

**ਡਾਕਟਰ** : ਤੂੰ ਬਹੁਤ ਉੱਪਰ ਪਹੁੰਚ ਗਿਐਂ।

**ਜੇਠੂ** : (ਉੱਪਰ ਵੱਲ ਵੇਖਣ ਬਾਅਦ) ਕਿਥੇ ਕਰਕੇ?

**ਡਾਕਟਰ** : ਦੋ ਸੌ ਤੇ, ਚੰਗੇ ਟਾਈਮ ਪਹੁੰਚ ਗਿਆਂ, ਹੋਰ ਦਸ ਮਿੰਟ ਨਾ ਆਉਂਦਾ ਤੇਰਾ ਪਟਾਕਾ ਪੈ ਈ ਜਾਣਾ ਸੀ।

**ਜੇਠੂ** : ਮੈਂ ਵੀ ਕਵਾਂ ਸਿਰ ਨੂੰ ਬਣ ਕੀ ਗਿਐ.......

**ਡਾਕਟਰ** : (ਟੋਕਦੇ ਹੋਏ) ਬਾਂਹ ਇਧਰ ਕਰ, ਟੀਕੇ ਤੋਂ ਬਿਨਾਂ ਕੰਟਰੋਲ ਨਹੀਂ ਹੋਣਾਂ।

(ਡਾਕਟਰ ਟੀਕਾ ਭਰ ਕੇ ਜੇਠੂ ਦੀ ਨਾੜ 'ਚ ਲਾਉਂਦਾ ਹੈ)

ਬੱਸ ਪੰਦਰਾਂ ਕੁ ਮਿੰਟਾਂ 'ਚ ਸਭ ਓ.ਕੇ. ਹੋ ਜਾਏਗਾ।

**ਜੇਠੂ** : ਪੈਸੇ ਕਿੰਨੇ ਡਾਕਟਰ ਸਾਹਬ?

**ਡਾਕਟਰ** : ਤੂੰ ਆਪਣਾ ਪੱਕਾ ਮਰੀਜ਼ ਏਂ, ਚੱਲ ਤੂੰ ਸੌ ਈ ਦੇ ਦੇ।

**ਜੇਠੂ** : ਸੌ?

**ਡਾਕਟਰ** : ਹੈਰਾਨ ਹੋ ਗਿਐਂ, ਅਗਲੇ ਜਹਾਨੋਂ ਹੋ ਕੇ ਮੁੜਿਆ ਏਂ।ਸ਼ੁਕਰ ਕਰ ਤੇਰੀ ਸੌ ਵਿੱਚ ਈ ਖਲਾਸੀ ਹੋ ਗਈ।

**ਜੇਠੂ** : ਰੋਜ਼ ਦੇ ਪੰਜਾਹ-ਪੰਜਾਹ ਕਰ ਕੇ ਬਚਾ ਰਿਹਾਂ ਕਿ ਕੁਛ ਰਕਮ 'ਕੱਠੀ ਹੋ ਜਾਏਗੀ ਤੇ ਮੈਂ ਵੀ ਆਪਣਾ ਕੋਠਾ ਬਣਾ ਸਕਾਂਗਾ।

**ਡਾਕਟਰ** : ਮੇਰੇ ਸੌ ਨਾਲ ਤੇਰਾ ਕੋਠਾ ਡਿੱਗ ਤਾਂ ਨਹੀਂ ਪੈਣ ਲੱਗਾ।ਲੇਟ ਜਾਂ ਹੁਣ ਅਰਾਮ ਨਾਲ।

**ਜੇਠੂ** : (ਪੈਸੇ ਦਿੰਦਾ ਹੋਇਆ) ਡਾਕਟਰ ਤੇ ਵਕੀਲ, ਇਹਨਾਂ ਦੀਆਂ ਰਾਸ਼ੀਆਂ ਵਿੱਚ ਨਹੀਂ ਲਿਖਿਆ ਹੁੰਦਾ ਕਿ ਕਿਸੇ 'ਤੇ ਤਰਸ ਵੀ ਕਰਨਗੇ।

**ਡਾਕਟਰ** : (ਗੁੱਸੇ ਵਿੱਚ) ਹੂੰ, ਕੈਸੇ ਕੈਸੇ ਜਾਨਵਰੋਂ ਸੇ ਪਾਲਾ ਪੜਤਾ ਏ।

(ਡਾਕਟਰ ਕਾਹਲੀ ਕਾਹਲੀ ਬੋਲਦਾ ਹੋਇਆ ਬੈਗ ਫੜ ਕੇ ਚਲੇ ਜਾਂਦਾ ਹੈ, ਜਦ ਕਿ ਜੇਠੂ ਉਹਨੂੰ ਜਾਂਦੂ ਹੋਏ ਨੂੰ ਨਫ਼ਰਤ ਭਰੀ ਨਿਗਾਹ ਨਾਲ ਵੇਖਦਾ ਹੈ।

**ਜੇਠੂ** : ਸਿਰ ਨੂੰ ਚੱਕਰ ਪਏ ਆਉਂਦੇ ਸੀ, ਆਹ ਡਾਕਟਰ ਦੇ ਟੀਕੇ ਨਾਲ ਥੋੜ੍ਹਾ ਫ਼ਰਕ ਜਾਪਦੈ। ਨਿਆਣਿਆਂ ਦਾ ਮਸੂਮ ਜਿਹਾ ਚਿਹਰਾ ਤੱਕਣਾ ਵਾਂ ਤਾਂ ਤਰਸ ਆਉਂਦੈ। ਉਹਨਾਂ ਨੂੰ ਮੈਂ ਕੀ ਖਵਾਇਆ? ਕੁਛ ਵੀ ਨਾ। ਉਹਨਾਂ ਨੂੰ ਕੀ ਪਵਾਇਆ? ਲੀਰਾਂ....... ਲੋਕ ਆਪਣੇ ਨਿਆਣਿਆਂ ਦੇ ਸੌ ਸ਼ੌਂਕ ਪੂਰੇ ਕਰਦੇ ਨੇ ਪਰ.......। ਮੇਰੇ ਨਿਆਣਿਆਂ ਦੇ ਮਨ ਵਿਚ ਵੀ ਆਉਂਦਾ ਹੋਵੇਗਾ-ਅਸੀਂ ਚੰਗਾ ਖਾਈਏ, ਵਧੀਆ ਪਾਈਏ ਤੇ ਹੱਸ ਹੱਸ ਕੇ ਮੌਜ ਉਡਾਈਏ। ਮੇਰੇ ਬੱਚਿਓ ! ਮੈਂ ਵੀ ਚਾਹਨਾਂ ਪਰ.......ਐਧਰ ਕੁੜਿੱਕੀ ਸ਼ਾਹ ਨੇ ਮੇਰੇ ਗਲ ਵਿਚ ਗੂਠਾ ਦਿੱਤੈ। ਮੈਂ ਕੋਈ ਜੀ ਰਿਹਾ? ਜੂਨ ਪੂਰੀ ਕਰਦਾ ਪਿਆ।

(ਕੁੜਿੱਕੀ ਸ਼ਾਹ ਆਉਂਦਾ ਹੈ, ਉਸ ਦੇ ਚਿਹਰੇ ਉੱਪਰ ਗੁੱਸੇ ਦੇ ਚਿੰਨ੍ਹ ਸਾਫ਼ ਨਜ਼ਰ ਆਉਂਦੇ ਹਨ, ਇਹ ਵੇਖ ਕੇ ਜੇਠੂ ਪਰੀ ਤਰ੍ਹਾਂ

ਡਰ ਜਾਂਦਾ ਹੈ)

**ਕੁੜਿੱਕੀ** : (ਉੱਚੀ ਆਵਾਜ਼ ਵਿਚ) ਓਏ ਜੇਠੂ !

**ਜੇਠੂ** : ਹਾਂ ਸ਼ਾਹ ਜੀ, ਸਾਸਰੀ ਕਾਲ।

**ਕੁੜਿੱਕੀ** : ਸਾਸਰੀ ਕਾਲ ਦਿਆਂ ਕੁੱਛ ਲਗਦਿਆਂ, ਆਪਣੇ ਨਿਆਣੇਂ ਸਮਝਾ ਕੇ ਰੱਖਿਆ ਕਰ।

**ਜੇਠੂ** : ਕੀ ਗੱਲ ਸ਼ਾਹ ਜੀ, ਕੋਈ ਗਲਤੀ ਹੋ ਗਈ ਮੇਰੇ ਨਿਆਣਿਆਂ ਤੋਂ?

**ਕੁੜਿੱਕੀ** : ਨਿਆਣਿਆਂ ਨੂੰ ਕੋਈ ਅਕਲ ਦੀ ਦਵਾ ਖਵਾ, ਤੇਰੇ ਗੁਆਂਢੀ ਰੋਜ਼ ਮੇਰੇ ਵੱਲ ਸ਼ਿਕਾਇਤਾਂ ਲਈ ਆਉਂਦੇ ਨੇ।

**ਜੇਠੂ** : ਕੀ ਕਹਿੰਦੇ ਨੇ ਗੁਆਂਢੀ?

**ਕੁੜਿੱਕੀ** : ਤੇਰੇ ਨਿਆਣਿਆਂ ਦੀਆਂ ਸਿਫ਼ਤਾਂ ਦੇ ਪੁਲ ਪਏ ਬੰਨਦੇ ਸੀ। ਜਿਹੇ ਜਿਹਾ ਡੰਗਰ ਜੇਠੂ ਤੇ ਉਹੋ ਜਿਹੇ ਡੰਗਰ ਨਿਆਣੇ ਜੰਮ ਪਏ। ਤੇਰੇ ਨਿਆਣਿਆਂ ਪੂਰੇ ਮੁਹੱਲੇ ਵਿਚ ਤੜਥੂਲ ਮਚਾ ਕੇ ਰੱਖਿਐ। ਸਾਰੇ ਕਹਿੰਦੇ ਨੇ–ਜੇਠੂ ਦੇ ਨਿਆਣੇ ਕੋਠੇ ਤੇ ਚੜ੍ਹ ਕੇ ਐਂ ਨੱਚਦੇ ਨੇ ਜਿਵੇਂ ਪਿਓ ਦੇ ਵਿਆਹ 'ਚ ਵੜੇ ਹੋਣ।

**ਜੇਠੂ** : ਬੱਚੇ ਜੂ ਹੋਏ ਜੀ।

**ਕੁੜਿੱਕੀ** : (ਸਾਂਗ ਲਾਉਂਦਾ ਹੋਇਆ) ਬੱਚੇ ਜੂ ਹੋਏ ਜੀ, ਦੁੱਧ ਪੀਂਦੇ ਨੇ ਅਜੇ ਮਾਂ ਦਾ! ਤੇਰਾ ਵੱਡਾ ਮੁੰਡਾ ਸਾਲਾ ਖੋਤੇ ਜਿੱਡਾ ਹੋ ਗਿਐ, ਅਕਲ ਨਾ ਨੇੜਿਉਂ ਲੰਘੀ।

**ਜੇਠੂ** : ਅਜੇ ਬੱਚਾ ਏ ਜੀ।

**ਕੁੜਿੱਕੀ** : (ਚੋਭ ਲਾਉਂਦਾ ਹੋਇਆ) ਨਾਲੇ ਤੂੰ ਵੀ ਬੱਚਾ ਏਂ! ਆਪਣੇ ਨਿਆਣਿਆਂ ਨੂੰ ਕਹਿ ਦੇ ਕੋਠੇ ਤੇ ਨਾ ਨੱਚਣ, ਗੁਆਂਢੀਆਂ ਦੇ ਸਿਰ ਤੇ ਚੜ੍ਹ ਕੇ ਨੱਚਣ। ਕਿਰਪਾ ਕਹਿੰਦਾ ਪਿਆ ਸੀ–ਜੇਠੂ ਦੇ ਨਿਆਣੇ ਰੋਜ਼ ਕੋਠੇ ਤੇ ਚੜ੍ਹ ਕੇ ਧਰਤੀ ਹਿਲਾ ਦੇਂਦੇ ਨੇ, ਗੰਦੇ ਗੀਤ ਗਾਉਂਦੇ ਨੇ। ਲੋਕਾਂ ਘਰ ਧੀਆਂ ਭੈਣਾਂ ਨੇ, ਤੁਹਾਨੂੰ ਸ਼ਰਮ ਈ ਨਹੀਂ ਮਾਸਾ। ਘਰ ਵੇ ਕਿ ਕੰਜਰਖਾਨਾ।

**ਜੇਠੂ** : ਜੀ ਮੇਰੇ ਨਿਆਣੇ ਕਦੇ ਗੰਦੇ ਗੀਤ ਨਹੀਂ ਗਾਉਂਦੇ?

**ਕੁੜਿੱਕੀ** : ਨਾ ਕੌਣ ਗਾਉਂਦਾ ਏ–ਨੈਣ ਪਰੀਤੋ ਦੇ ਬਹਿਜਾ ਬਹਿਜਾ ਕਰਦੇ?

**ਜੇਠੂ** : ਜੀ ਉਹ ਤਾਂ ਨਿਆਣੇ ਬੱਸ ਐਵੇਂ ਹੀ....... ਪਤੰਗ ਚੜ੍ਹਾਉਂਦੇ ਚੜ੍ਹਾਉਂਦੇ ਨਿਆਣਿਆਂ ਨੂੰ ਜੋ ਵੀ ਯਾਦ ਆਏ, ਬੱਸ ਐਵੇਂ ਗਾ ਕੇ ਸ਼ੌਂਕ ਪੂਰਾ ਕਰ ਲੈਂਦੇ ਨੇ।

**ਕੁੜਿੱਕੀ** : ਓਏ ਪਤੰਗ ਵੀ ਚੜ੍ਹਾਉਂਦੇ ਨੇ? ਕੋਠਾ ਤੁਹਾਨੂੰ ਰਹਿਣ ਵਾਸਤੇ ਦਿੱਤੈ ਕਿ ਪਤੰਗ ਚੜ੍ਹਾਉਣ ਵਾਸਤੇ? ਜੇ ਪਤੰਗ ਈ ਚੜ੍ਹਾਉਣੇ ਨੇ ਤਾਂ ਕਿਰਾਇਆ ਅੱਜ ਤੋਂ ਸੱਤ ਸੌ ਰੁਪਏ।

**ਜੇਠੂ** : ਤਰਸ ਖਾਓ ਸ਼ਾਹ ਜੀ, ਸਾਥੋਂ ਗਰੀਬਾਂ ਕੋਲੋਂ ਕਿਥੇ ਭਰਿਆ ਜਾਣੈ ਸੱਤ ਸੌ ਮਹੀਨੇ ਦਾ।

**ਕੁੜਿੱਕੀ** : ਕੋਠਾ ਤਿੰਨ ਗਾਡਰਾਂ ਦਾ ਏ ਤੇ ਨਾਲੇ ਵਿਹੜਾ ਵੀ ਏ। ਮੈਨੂੰ ਛੱਤੀ ਬੰਦੇ ਪੁੱਛਦੇ ਨੇ ਆਹ ਕੋਠੇ ਬਾਰੇ। ਸੱਤ ਸੌ ਨਹੀਂ ਮੰਨਜ਼ੂਰ ਤਾਂ ਕੋਠਾ ਖਾਲੀ ਕਰ ਕੇ ਜਿਧਰ ਮਰਜ਼ੀ ਜਾ।

**ਜੇਠੂ** : (ਆਪਣੇ ਆਪ ਨੂੰ ਕਸੂਤੀ ਸਥਿਤੀ ਵਿਚ ਫਸਿਆ ਮਹਿਸੂਸ ਕਰਦਾ ਹੈ) ਠੀਕ ਏ ਸ਼ਾਹ ਜੀ, ਸੱਤ ਸੌ ਭਰ ਦਿਆ ਕਰਾਂਗਾ ਔਖਾ–ਸੌਖਾ ਹੋ ਕੇ।

(ਅੰਦਰੋਂ ਔਰਤ ਦੇ ਗੀਤ ਗਾਉਣ ਦੀ ਆਵਾਜ਼ ਆਉਂਦੀ ਹੈ, ਸੁਣ ਕੇ ਕੁੜਿੱਕੀ ਸ਼ਾਹ ਆਵਾਜ਼ ਦੀ ਮਿਠਾਸ ਦੇ ਪ੍ਰਭਾਵ ਹੇਠ ਰੁਮਾਂਟਿਕ ਸਥਿਤੀ ਵਿਚ ਆ ਜਾਂਦਾ ਹੈ)

**ਗੀਤ ਦੀ ਆਵਾਜ਼** : ਇਹਨਾਂ ਅੱਖੀਆਂ 'ਚ ਪਾਵਾਂ ਕਿਵੇਂ ਕੱਜਲਾ ਵੇ
ਅੱਖੀਆਂ 'ਚ ਤੂੰ ਵੱਸਦਾ।
ਇਹਨਾਂ ਅੱਖੀਆਂ.......
ਹਰ ਵੇਲੇ ਚੰਨਾ ਮੇਰਾ ਤੇਰੇ ਵੱਲ ਮੂੰਹ ਵੇ
ਬੁੱਲੀਆਂ ਤੇ ਨਾਂ ਤੇਰਾ, ਦਿਲ ਵਿੱਚ ਤੂੰ ਵੇਂ
ਜਦੋਂ ਹੱਸਦੀ ਭੁਲੇਖਾ ਮੈਨੂੰ ਪੈਂਦਾ ਵੇ
ਹਾਸਿਆਂ 'ਚ ਤੂੰ ਹੱਸਦਾ।
ਇਹਨਾਂ ਅੱਖੀਆਂ.......

**(ਚਲਦਾ)**

# ਆਓ ਜਾਣੀਏ !

**ਇੰਜ. ਪਰਮਿੰਦਰਜੀਤ ਸਿੰਘ**
**ਐਡੀਸ਼ਨਲ ਚੀਫ਼ ਐਡੀਟਰ**

## ਮਾਰਸ਼ਲ ਅਰਜਨ ਸਿੰਘ-ਇੰਡੀਅਨ ਏਅਰ ਫੋਰਸ ਦਾ ਪਹਿਲਾ ਮਾਰਸ਼ਲ



ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ ਨੂੰ ਦੇਸ਼ ਦੇ ਪਹਿਲੇ ਮਾਰਸ਼ਲ ਆਫ਼ ਇੰਡੀਅਨ ਏਅਰ ਫੋਰਸ ਹੋਣ ਦਾ ਸੁਭਾਗ ਉਦੋਂ ਪ੍ਰਾਪਤ ਹੋਇਆ ਜਦੋਂ ਅਪ੍ਰੈਲ 23, 2002 ਨੂੰ ਦੇਸ਼ ਦੇ ਰਾਸ਼ਟਰਪਤੀ ਕੇ.ਆਰ. ਨਾਰਾਇਣਨ ਨੇ ਰਸਮੀ ਤੌਰ 'ਤੇ ਇਸ ਉਪਾਧੀ ਦਾ ਬੈਤਨ ਉਸ ਨੂੰ ਭੇਟ ਕੀਤਾ। ਸ. ਕ੍ਰਿਸ਼ਨ ਸਿੰਘ ਦੇ ਘਰ 1919 ਨੂੰ ਲਾਇਨਲਪੁਰ ਵਿਖੇ ਪੈਦਾ ਹੋਏ ਅਰਜਨ ਸਿੰਘ ਨੇ ਇੰਗਲੈਂਡ ਵਿਚ ਰਾਇਲ ਏਅਰ ਫੋਰਸ, ਕਰੈਮਬੈਲ ਵਿਖੇ ਹਵਾਈ ਉਡਾਨ ਭਰਨ ਦੀ ਸਿੱਖਿਆ ਲਈ ਅਤੇ 1939 ਵਿਚ ਕਮਿਸ਼ਨ ਹਾਸਲ ਕੀਤਾ ਅਤੇ ਸਤੰਬਰ 1943 ਵਿਚ ਪਹਿਲੇ ਨੰਬਰ ਦੀ ਸੁਕੈਡਰਨ ਦਾ ਕਮਾਂਡਿੰਗ ਅਫ਼ਸਰ ਬਣ ਗਿਆ। ਦੂਸਰੇ ਵਿਸ਼ਵ ਯੁੱਧ ਵਿਚ 1943-44 ਦੀ ਬਰਮਾ ਦੀ ਲੜਾਈ ਵਿਚ ਜਾਪਾਨ ਵਿਰੁੱਧ ਮੁਹਿੰਮ ਵਿਚ ਦਿਖਾਈ ਬਹਾਦਰੀ ਸਦਕਾ ਬ੍ਰਿਟਿਸ਼ ਸਰਕਾਰ ਵੱਲੋਂ Distinguished Flying Cross ਹਾਸਲ ਕੀਤਾ। 1964 ਵਿਚ ਉਹ ਏਅਰ ਸਟਾਫ਼ ਦਾ ਮੁਖੀ ਬਣਿਆ। ਉਸ ਦੀ ਇਸ ਪਦਵੀ ਨੂੰ 1966 ਵਿਚ ਅਪਗ੍ਰੇਡ ਕਰਕੇ ਦੇਸ਼ ਦੇ ਪਹਿਲੇ ਏਅਰ ਚੀਫ਼ ਮਾਰਸ਼ਲ ਹੋਣ ਦਾ ਮਾਨ ਪ੍ਰਾਪਤ ਹੋਇਆ। ਏਸੇ ਨਾਲ ਹੀ ਉਸ ਨੂੰ ਚੀਫ਼ ਆਫ ਸਟਾਫ਼ ਕਮੇਟੀ ਦਾ ਚੇਅਰਮੈਨ ਨਿਯੁਕਤ ਕਰ ਦਿੱਤਾ ਗਿਆ।

1969 ਵਿਚ ਏਅਰ ਫੋਰਸ ਵਿਚੋਂ ਸੇਵਾਮੁਕਤ ਹੋਣ ਉਪਰੰਤ ਉਸ ਦੀਆਂ ਸੇਵਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ 1971 ਵਿਚ ਉਸ ਨੂੰ ਸਵਿਟਜ਼ਰਲੈਂਡ ਦਾ ਰਾਜਦੂਤ ਥਾਪ ਦਿੱਤਾ ਗਿਆ। ਇਸ ਦੇ ਨਾਲ ਉਸ ਨੂੰ ਵੈਟੀਕਨ ਦੇ ਰਾਜਦੂਤ ਦਾ ਕੰਮ ਵੀ ਸੌਂਪ ਦਿੱਤਾ ਗਿਆ। 1974 ਵਿਚ ਉਸ ਨੇ ਕੀਨੀਆ ਦੇ ਹਾਈ ਕਮਿਸ਼ਨਲ, 1980 ਵਿਚ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਅਤੇ 1989 ਵਿਚ ਦਿੱਲੀ ਦੇ ਲੈਫਟੀਨੈਂਟ ਗਵਰਨਰ ਵਜੋਂ ਸੇਵਾ ਨਿਭਾਈ।

## ਹਰਜੀਤ ਸਿੰਘ ਸੱਜਣ-ਕੈਨੇਡਾ ਦਾ ਦਸਤਾਰਧਾਰੀ ਰੱਖਿਆ ਮੰਤਰੀ

45 ਸਾਲਾ ਹਰਜੀਤ ਸਿੰਘ ਸੱਜਣ ਨੇ 4 ਨਵੰਬਰ, 2015 ਨੂੰ ਕੈਨੇਡਾ ਦੇ ਰੱਖਿਆ ਮੰਤਰੀ ਦਾ ਅਹੁਦਾ ਗ੍ਰਹਿਣ ਕਰਕੇ ਇਤਿਹਾਸ ਸਿਰਜਿਆ ਹੈ। ਉਹ ਇਸ ਅਹੁਦੇ 'ਤੇ ਪਹੁੰਚਣ ਵਾਲਾ ਪਹਿਲਾ ਭਾਰਤੀ ਪੰਜਾਬੀ ਹੈ। ਸੱਜਣ ਦਾ ਨਾਮ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬੰਬੇਲੀ ਵਿਚ 6 ਸਤੰਬਰ 1970 ਨੂੰ ਹੋਇਆ ਸੀ। ਉਹ ਦੋ ਭੈਣ ਭਰਾ ਹਨ। ਜਦੋਂ ਉਹ ਪੰਜ ਸਾਲ ਦਾ ਸੀ ਤਾਂ ਉਸ ਦਾ ਪਰਿਵਾਰ ਕੈਨੇਡਾ ਪਰਵਾਸ ਕਰ ਗਿਆ ਤੇ ਵੈਨਕੂਵਰ ਵਸ ਗਿਆ। ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਉਹ 1989 ਵਿਚ ਵੈਨਕੂਵਰ ਪੁਲਿਸ ਵਿਚ ਭਰਤੀ ਹੋ ਗਿਆ। ਉਸ ਨੇ ਕਈ ਸਾਲ ਸਰੀ-ਵੈਨਕੂਵਰ ਦੇ ਬਦਨਾਮ ਡਰੱਗ ਗਰੋਹਾਂ ਖਿਲਾਫ਼ ਸਫ਼ਲਤਾ ਨਾਲ ਕੰਮ ਕੀਤਾ। ਉਸ ਨੂੰ ਖਾਸ ਕਰਕੇ ਪੰਜਾਬੀ ਡਰੱਗ ਗਰੋਹਾਂ ਖਿਲਾਫ਼ ਸੂਚਨਾ ਇਕੱਤਰ ਕਰਨ ਵਿਚ ਵਿਸ਼ੇਸ਼ ਮੁਹਾਰਤ ਹਾਸਲ ਸੀ। 2000 ਵਿਚ ਉਹ ਪੁਲਿਸ ਤੋਂ ਕੈਨੇਡੀਅਨ ਹਥਿਆਰਬੰਦ ਸੈਨਾ ਵਿਚ ਚਲਾ ਗਿਆ। ਉਸ ਨੂੰ ਰਾਇਲ ਕੈਨੇਡੀਅਨ ਰੈਜੀਮੈਂਟ ਦੀ ਪਹਿਲੀ ਬਟਾਲੀਅਨ ਨਾਲ ਅਫ਼ਗਾਨਿਸਤਾਨ ਦੇ ਕੰਧਾਰ ਸੂਬੇ ਵਿਚ ਸੇਵਾ ਨਿਭਾਉਣ ਦਾ ਮੌਕਾ ਮਿਲਿਆ। ਉਸ ਨੇ ਆਪਣੀ ਫੌਜੀ ਨੌਕਰੀ ਦੌਰਾਨ ਚਾਰ ਵਾਰ ਗੜਬੜਗ੍ਰਸਤ ਮੁਲਕਾਂ ਵਿਚ ਡਿਊਟੀ ਕੀਤੀ। ਇਕ ਵਾਰ ਬੋਸਨੀਆ ਹਰਜ਼ੇਗੋਵੀਨਾ ਅਤੇ ਤਿੰਨ ਵਾਰ ਅਫ਼ਗਾਨਿਸਤਾਨ ਵਿਚ, 2011 ਵਿਚ ਉਸ ਨੂੰ ਬ੍ਰਿਟਿਸ਼ ਕੋਲੰਬੀਆ ਰੈਜੀਮੈਂਟ ਦਾ ਕਮਾਂਡਰ ਥਾਪ ਦਿੱਤਾ ਗਿਆ। ਉਹ ਪਹਿਲਾ ਸਿੱਖ ਹੈ ਜਿਸ ਨੂੰ ਕਿਸੇ ਕੈਨੇਡੀਅਨ ਰੈਜੀਮੈਂਟ ਦੀ ਕਮਾਂਡ ਕਰਨ ਦਾ ਮਾਣ ਹਾਸਲ ਹੋਇਆ।



ਉਸ ਨੇ ਕੰਧਾਰ ਵਿਚ ਤਾਲਿਬਾਨ ਦਾ ਪ੍ਰਭਾਵ ਇਕ ਤਰ੍ਹਾਂ ਖਤਮ ਕਰਕੇ ਰੱਖ ਦਿੱਤਾ ਸੀ। ਕਈ ਵਾਰ ਝੜੱਪਾਂ ਵਿਚ ਉਸ ਨੇ ਆਪਣੀ ਜਾਨ ਖ਼ਤਰੇ ਪਾ ਕੇ ਜਿੱਤ ਪ੍ਰਾਪਤ ਕੀਤੀ। ਆਪਣੀ ਬਹਾਦਰੀ ਅਤੇ ਦੇਸ਼ ਪ੍ਰਤੀ ਵਫ਼ਾਦਾਰੀ ਕਾਰਨ ਉਸ ਨੂੰ 2013 ਵਿਚ ਮੈਰੀਟੋਰੀਅਸ ਸਰਵਿਸ ਮੈਡਲ, ਕੈਨੇਡੀਅਨ ਪੀਸ ਕੀਪਿੰਗ ਮੈਟਲ, ਆਰਡਰ ਆਫ਼ ਮਿਲਟਰੀ ਮੈਰਿਡ ਐਵਾਰਡ ਸਮੇਤ ਅਨੇਕਾਂ ਮੈਡਲ ਅਤੇ ਮਾਣ ਸਨਮਾਨ ਪ੍ਰਾਪਤ ਹੋਏ ਹਨ। ਉਹ ਤਾਲਿਬਾਨ ਖਿਲਾਫ਼ ਗੁਪਤ ਸੂਚਨਾ ਇਕੱਠੀ ਕਰਨ ਦਾ ਬਹੁਤ ਮਾਹਰ ਸੀ। ਉਸ ਨੂੰ ਨਾਟੋ (Nato) ਦੇ ਇੰਚਾਰਜ ਬ੍ਰਿਗੇਡੀਅਰ ਜਨਰਲ ਡੇਵਿਟ ਫਰੇਜ਼ਰ ਵੱਲੋਂ ਬੈਸਟ ਇਟੈਲੀਜੈਂਸ ਅਫ਼ਸਰ ਦਾ ਐਵਾਰਡ ਵੀ ਦਿੱਤਾ ਜਾ ਚੁੱਕਾ ਹੈ। ਉਹ ਬ੍ਰਿਟਿਸ਼ ਕੋਲੰਬੀਆ ਦੇ ਲੈਫਟੀਨੈਂਟ ਗਵਰਨਰ ਦਾ ਏਡੀਸੀ ਵੀ ਰਹਿ ਚੁੱਕਾ ਹੈ।

ਹਰਜੀਤ ਸਿੰਘ ਸੱਜਣ ਕੈਨੇਡੀਅਨ ਅਤੇ ਭਾਰਤੀ ਭਾਈਚਾਰੇ ਵਿਚ ਬੇਹੱਦ ਮਕਬੂਲ ਹੈ। ਕੈਨੇਡਾ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉਸ ਦਾ ਕਰੀਬੀ ਮਿੱਤਰ ਹੈ। ਸੱਜਣ ਦਾ ਸਿਆਸਤ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ। ਟਰੂਡੋ ਦੁਆਰਾ ਉਸ ਨੂੰ ਮਨਾਉਣ ਵਿਚ ਕਈ ਹਫ਼ਤੇ ਲੱਗ ਗਏ। ਸੱਜਣ ਵਾਸਤੇ ਲੈਫਟੀਨੈਂਟ ਕਰਨਲ ਦੇ ਅਹੁਦੇ ਤੋਂ ਤਿਆਗ ਪੱਤਰ ਦੇ ਕੇ ਸਿਆਸਤ ਵਰਗੇ ਅਸਥਿਰ ਕਿੱਤੇ ਵਿਚ ਸ਼ਾਮਲ ਹੋਣਾ ਬਹੁਤ ਹੀ ਔਖਾ ਸੀ।

ਉਸ ਨੇ ਪਹਿਲਾਂ ਕਦੇ ਵੀ ਚੋਣ ਨਹੀਂ ਸੀ ਲੜੀ। ਉਸ ਦਾ ਵਿਰੋਧੀ ਤਤਕਾਲੀ ਐਮ.ਪੀ. ਵਾਈ ਯੰਗ ਹੰਡਿਆ ਹੋਇਆ ਖਿਡਾਰੀ ਸੀ, ਪਰ ਆਪਣੇ ਨਿੱਜੀ ਰਸੂਖ ਅਤੇ ਲਿਬਰਲ ਪਾਰਟੀ ਦੀ ਲਹਿਰ ਕਾਰਨ ਸੱਜਣ ਨੇ ਆਖਰ ਦੱਖਣੀ ਵੈਨਕੂਵਰ ਹਲਕੇ ਤੋਂ ਮੈਦਾਨ ਮਾਰ ਲਿਆ। ਟਰੂਡੋ ਨੇ ਉਸ ਨੂੰ ਚਾਰ ਹੋਰ ਪੰਜਾਬੀਆਂ ਸਮੇਤ ਕੈਨੇਡਾ ਦਾ ਕੈਬਨਿਟ ਮੰਤਰੀ ਨਿਯੁਕਤ ਕਰ ਦਿੱਤਾ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਅਫਗਾਨਿਸਤਾਨ, ਇਰਾਕ ਅਤੇ ਸੀਰੀਆ ਆਦਿ ਤੋਂ ਆਪਣੀ ਫੌਜਾਂ ਹਟਾਉਣ ਦਾ ਵਾਅਦਾ ਕੀਤਾ ਹੋਇਆ ਹੈ। ਇਹ ਸਾਰਾ ਕੰਮ ਹਰਜੀਤ ਸਿੰਘ ਸੱਜਣ ਦੀ ਦੇਖ-ਰੇਖ ਹੇਠ ਹੀ ਹੋਣਾ ਹੈ। ਇਸ ਦੇ ਹਾਨ-ਲਾਭ ਦੀ ਸਿੱਧੀ ਜ਼ਿੰਮੇਵਾਰੀ ਬਤੌਰ ਰੱਖਿਆ ਮੰਤਰੀ ਉਸ ਦੇ ਸਿਰ ਹੀ ਪੈਣੀ ਹੈ। ਇਸ ਤੋਂ ਇਲਾਵਾ ਉਹ ਉੱਚ ਤਾਕਤੀ ਕੈਬਨਿਟ ਕਮੇਟੀਆਂ, ਜਨਤਕ ਸੁਰੱਖਿਆ ਅਤੇ ਇੰਟੈਲੀਜੈਂਸ ਦਾ ਵੀ ਮੈਂਬਰ ਹੈ।

# BABA MAKHAN SHAH LOBANA FOUNDATION (Regd.)

**BHAI NADU SHAH LOBANA MISSIONARY DENTAL CLINIC**

**SECTOR-30A, CHANDIGARH PH:01722972340, 7347065188**

**Email:lobanafoundation@gmail.com**



**Timings -**
**9AM - 1PM**
**(MON-FRI)**
**Consultation Fees -**
**Rs.20/-**

## TREATMENTS OFFERED

- ROOT CANAL TREATMENT
- TOOTH COLOURED FILLING
- DENTAL IMPLANTS
- SCALING AND POLISHING
- TEETH WHITENING
- PAINLESS EXTRACTIONS
- WISDOM TOOTH REMOVAL
- TOOTH CAPPING AND FIXED TEETH REPLACEMENT
- DENTURES
- TRAUMATIC INJURIES DENTAL

*"EVERY TOOTH IN A MAN'S MOUTH IS MORE VALUABLE THAN A DIAMOND."*

DR AMRIT KAUR PELIA BDS,MDS
ORAL & MAXILLOFACIAL SURGEON
MEMBER OF AOMSI

ਸਿਹਤ ਸੰਭਾਲ

# ਨਸ਼ਿਆਂ ਦੀ ਦਲਦਲ

ਡਾ. ਰਜਿੰਦਰ ਸਿੰਘ



ਸਭਿਅਤਾ ਦਾ ਸੂਰਜ ਨਿਕਲਣ ਤੋਂ ਪਹਿਲਾਂ ਹੀ ਇਨਸਾਨ ਨਸ਼ਿਆਂ ਦੀ ਲੱਜ਼ਤ ਤੋਂ ਆਸ਼ਨਾ ਹੋ ਚੁੱਕਾ ਸੀ। ਪੇੜ ਪੌਦਿਆਂ ਤੋਂ ਨਸ਼ੀਲੇ ਪਦਾਰਥ ਪ੍ਰਾਪਤ ਕਰ ਉਹ ਉਨ੍ਹਾਂ ਦਾ ਸੇਵਨ ਮਸਤੀ ਤੇ ਸਰੂਰ ਦੀ ਮਨੋਦਸ਼ਾ ਉਸਾਰਨ ਅਤੇ ਫ਼ਿਕਰਾਂ ਤੇ ਤਣਾਵਾਂ ਤੋਂ ਦੂਰ ਹੋਣ ਲਈ ਕਰ ਲੈਂਦਾ ਹੁੰਦਾ ਸੀ। ਕਬੀਲਿਆਂ ਵਿਚਕਾਰ ਲੜਾਈਆਂ ਸਮੇਂ ਜੋਧੇ ਭੈ-ਰਹਿਤ ਹੋਣ ਲਈ ਵੀ ਇਨ੍ਹਾਂ ਦੀ ਵਰਤੋਂ ਕਰਦੇ ਹੁੰਦੇ ਸਨ।

ਪ੍ਰਾਚੀਨ ਸਮੇਂ ਦੁਨੀਆਂ ਦੇ ਹਰ ਖਿੱਤੇ ਵਿਚ, ਸਥਾਨਕ ਉਪਲਬਧੀ ਦੇ ਆਧਾਰ 'ਤੇ ਕੋਈ ਨਾ ਕੋਈ ਨਸ਼ਾ ਪ੍ਰਚੱਲਿਤ ਸੀ। ਸ਼ਰਾਬ ਦਾ ਇਤਿਹਾਸ ਸ਼ਾਇਦ ਸਭ ਤੋਂ ਪੁਰਾਣਾ ਹੈ ਅਤੇ ਇਸ ਦਾ ਅਧਿਕਾਰ-ਖੇਤਰ ਵੀ ਸਭ ਤੋਂ ਵਿਸ਼ਾਲ। ਪੁਰਾਤਨ ਮਨੁੱਖ ਬਨਾਸਪਤੀ ਰਸਾਂ ਨੂੰ ਗਲਾ-ਸੜਾ ਕੇ ਸ਼ਰਾਬ ਬਣਾ ਲੈਂਦਾ ਸੀ। ਭਾਰਤੀ ਆਦਿਵਾਸੀ ਖੁਦ ਪੀਣ ਤੋਂ ਇਲਾਵਾ ਆਪਣੇ ਦੇਵੀ-ਦੇਵਤਿਆਂ ਨੂੰ ਰੀਝਾਉਣ ਲਈ ਵੀ ਇਸ ਦੇ ਚੜ੍ਹਾਵੇ ਉਨ੍ਹਾਂ ਦੀਆਂ ਮੂਰਤੀਆਂ ਅੱਗੇ ਭੇਟ ਕਰਦੇ ਹੁੰਦੇ ਸਨ। ਅੱਜ-ਕਲ੍ਹ ਵੀ ਕਈ ਮੰਦਰਾਂ (ਜਿਵੇਂ ਦਿੱਲੀ ਪ੍ਰਗਤੀ ਮੈਦਾਨ ਸਾਹਮਣੇ ਭੈਰੋਂ ਮੰਦਿਰ) ਅਤੇ ਕਈ ਪੀਰਾਂ ਦੇ ਮਜ਼ਾਰਾਂ 'ਤੇ ਕੇਵਲ ਸ਼ਰਾਬ ਦਾ ਪ੍ਰਸ਼ਾਦ ਹੀ ਸਵੀਕਾਰ ਹੁੰਦਾ ਹੈ। ਪ੍ਰਾਚੀਨ ਆਰੀਆ ਲੋਕ 'ਸੋਮ ਰਸ' ਤੇ 'ਸੁਰਾ' ਦੇ ਰਸੀਏ ਸਨ। ਯੱਗ, ਪਸ਼ੂ-ਬਲੀ ਅਤੇ ਹੋਰ ਅਨੇਕ ਸਮਾਰੋਹਾਂ ਦੇ ਸੰਪੰਨ ਹੋਣ 'ਤੇ ਉਹ ਸਮੂਹਕ ਸ਼ਰਾਬਨੋਸ਼ੀ ਦੁਆਰਾ ਹਰਸ਼-ਉੱਲਾਸ ਵਿਚ ਗਵਾਚ ਜਾਇਆ ਕਰਦੇ ਸਨ।

ਅਨੇਕ ਦੇਸ਼ਾਂ ਵਿਚ ਪ੍ਰਾਚੀਨ ਖੰਡਰਾਂ ਦੀ ਖੁਦਾਈ ਤੋਂ ਹਜ਼ਾਰਾਂ ਸਾਲ ਪਹਿਲੇ ਵੀ ਪੋਸਤ, ਅਫੀਮ, ਭੰਗ, ਗਾਂਜਾ, ਚਰਸ ਆਦਿ ਦੇ ਪ੍ਰਯੋਗ ਦੇ ਸਪੱਸ਼ਟ ਉਲੇਖ ਮਿਲੇ ਹਨ। ਮੈਸੋਪੋਟਾਮੀਆ (ਵਰਤਮਾਨ ਇਰਾਕ ਤੇ ਸੀਰੀਆ) ਵਿਚ 6000 ਈਸਾ-ਪੂਰਵ ਪੋਸਤ ਦੀ ਕਾਸ਼ਤ ਤੇ ਅਫੀਮ ਦਾ ਨਿਰਮਾਣ ਹੁੰਦਾ ਸੀ। ਭੰਗ, ਗਾਂਜਾ ਤੇ ਚਰਸ ਦਾ ਪ੍ਰਯੋਗ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲੇ ਹੀ ਮਿਸਰ, ਤੁਰਕੀ, ਚੀਨ ਤੇ ਭਾਰਤ ਵਿਚ ਹੁੰਦਾ ਸੀ। ਭਾਰਤੀ ਮਿਥਿਹਾਸ ਦੁਆਰਾ ਕੈਲਾਸ਼ ਪਰਬਤ ਉੱਤੇ ਸਮਾਧੀ ਵਿਚ ਲੀਨ ਭਗਵਾਨ ਸ਼ਿਵ ਨਿੱਤ ਇਨ੍ਹਾਂ ਦਾ ਸੇਵਨ ਕਰਦੇ ਹਨ। ਉਪਰੋਕਤ ਸਾਰੇ ਮਾਦਕ ਪਦਾਰਥ ਔਸ਼ਧੀ ਦੇ ਰੂਪ ਵਿਚ ਵੀ ਇਸਤੇਮਾਲ ਹੁੰਦੇ ਰਹੇ ਹਨ।

ਦੱਖਣੀ ਅਮਰੀਕਾ ਦੇ ਆਦਿਵਾਸੀ ਸਦੀਆਂ ਤੋਂ 'ਕੋਕਾ' ਨਾਮੀ ਪੇੜ ਦੇ ਪੱਤੇ (ਜਿਨ੍ਹਾਂ ਤੋਂ ਕੋਕੀਨ ਤਿਆਰ ਕੀਤੀ ਜਾਂਦੀ ਹੈ) ਚੱਬਦੇ ਆਏ ਹਨ। ਉਹ ਸਵਦੇਸ਼ੀ ਨਸ਼ੀਲੇ ਥੋਹਰਾਂ ਤੇ ਖੁੰਭਾਂ ਦਾ ਵੀ ਪ੍ਰਯੋਗ ਕਰਦੇ ਹਨ। ਤੰਬਾਕੂ ਦਾ ਅਸਲੀ ਵਤਮ ਅਮਰੀਕਾ ਹੈ। ਸੰਨ 1492 ਵਿਚ ਕੋਲੰਬਸ ਦੁਆਰਾ 'ਨਵੀਂ ਦੁਨੀਆਂ' (ਅਮਰੀਕਾ) ਦੀ ਦਰਯਾਫ਼ਤ ਤੱਕ ਬਾਕੀ ਦੁਨੀਆਂ ਤੰਬਾਕੂ ਬਾਰੇ ਬਿਲਕੁਲ ਅਨਜਾਣ ਸੀ। ਕੋਲੰਬਸ ਇਸ ਨੂੰ ਯੂਰਪ ਲਿਆਇਆ ਅਤੇ ਉਥੋਂ ਇਹ ਦੂਜੇ ਮਹਾਂਦੀਪਾਂ ਵਿਚ ਪਹੁੰਚਿਆ। ਅੱਜ ਦੁਨੀਆਂ ਦਾ ਕੋਈ ਦੇਸ਼ ਤੰਬਾਕੂ-ਸੇਵਨ ਤੋਂ ਅਛੂਤਾ ਨਹੀਂ। ਲਗਭਗ 130 ਦੇਸ਼ ਤੰਬਾਕੂ ਪੈਦਾ ਤੇ ਨਿਰਯਾਤ ਕਰ ਰਹੇ ਹਨ। ਸੰਯੁਕਤ ਰਾਸ਼ਟਰ ਅਮਰੀਕਾ ਤੇ ਚੀਨ ਤੋਂ ਬਾਅਦ ਭਾਰਤ ਹੀ ਇਸ ਦਾ ਮੁੱਖ ਉਤਪਾਦਕ ਦੇਸ਼ ਹੈ।

ਅੱਧੀ ਸਦੀ ਪਹਿਲਾਂ ਤੱਕ ਮਨ ਦੀਆਂ ਤਾਰ-ਤਰੰਗਾਂ ਨੂੰ ਝੱਟ ਘੜੀ ਲਈ ਰਾਗ-ਮਈ ਬਣਾਉਣ ਅਤੇ ਰੰਗੀਨ ਸੁਪਨ-ਅਵਸਥਾ ਵਿਚ ਵਿਚਰਣ ਦੇ ਇਹ ਭ੍ਰਮਕ ਪ੍ਰਯਾਸ ਵੱਸੋਂ ਦੇ ਇਕ ਛੋਟੇ ਹਿੱਸੇ ਤੱਕ ਹੀ ਸੀਮਿਤ ਹਨ। ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਅਤੇ ਤਣਾਵਾਂ ਤੋਂ ਮੂੰਹ ਮੋੜਣ ਲਈ ਵੀ ਕੁਝ ਥੋੜ੍ਹੇ ਜਿਹੇ ਲੋਕ ਹੀ ਨਸ਼ੇ ਦੀਆਂ ਭੁੱਲ-ਭੁਲੱਈਆਂ ਵਿਚ ਗਵਾਚਿਆ ਕਰਦੇ ਸਨ।

ਭਾਰਤੀ ਸਮਾਜ ਦਾ ਇਕ ਵੱਡਾ ਵਰਗ ਨਸ਼ਾ-ਸੇਵਨ ਨੂੰ ਐਬ ਸਮਝਦਾ ਰਿਹਾ ਹੈ। ਭਾਰਤ ਵਿਚ ਬੇਸ਼ੱਕ ਤੰਬਾਕੂ ਦੀ ਵਿਆਪਕ ਵਰਤੋਂ ਪਿਛਲੀਆਂ ਚਾਰ ਸਦੀਆਂ ਤੋਂ ਪ੍ਰਚੱਲਿਤ ਹੈ ਅਤੇ ਇਸ ਦਾ ਸ਼ੁਮਾਰ

ਨਸ਼ਿਆਂ ਵਿਚ ਘੱਟ ਹੀ ਹੁੰਦਾ ਹੈ। ਕੇਵਲ ਸਿੱਖ ਧਰਮ ਹੀ ਇਸ ਨੂੰ ਘਿਨਾਉਣਾ ਪਾਪ ਗਰਦਾਨਦਾ ਹੈ। ਸਿਵਾਏ ਪੱਛਮੀ ਦੇਸ਼ਾਂ ਦੇ ਸ਼ਰਾਬ ਬਾਰੇ ਵੀ ਜਨਤਕ ਵਿਚਾਰਧਾਰਾ ਬਹੁਤੀ ਚੰਗੀ ਨਹੀਂ ਸੀ। ਇਸ ਤੋਂ ਪਰਹੇਜ਼ ਇਕ ਗੁਣ ਸਮਝਿਆ ਜਾਂਦਾ ਹੈ।

ਜਿਉਂ-ਜਿਉਂ ਜੀਵਨ ਦਾ ਰੂਪ ਬਦਲਿਆ, ਤੌਰ-ਤਰੀਕੇ ਤੇ ਕਦਰਾਂ-ਕੀਮਤਾਂ ਬਦਲੀਆਂ, ਰਾਜਨੀਤੀ ਭ੍ਰਿਸ਼ਟ ਹੁੰਦੀ ਗਈ, ਸ਼ਰਾਬ ਤੇ ਤੰਬਾਕੂ ਤੋਂ ਪ੍ਰਾਪਤ ਟੈਕਸ ਦੇ ਲਾਲਚ ਨੇ ਹੁਕਮਰਾਨ ਨੇਤਾਵਾਂ ਨੂੰ ਲੋਕ-ਹਿੱਤ ਵੱਲੋਂ ਅੰਨ੍ਹਾ ਕਰ ਦਿੱਤਾ, ਨਸ਼ਿਆਂ ਦੀ ਲਹਿਰ-ਬਹਿਰ ਹੁੰਦੀ ਗਈ। ਅੱਜ ਵੱਸੋਂ ਦਾ ਇਕ ਵੱਡਾ ਭਾਗ ਨਸ਼ਿਆਂ ਦੀ ਗ੍ਰਿਫ਼ਤ ਵਿਚ ਹੈ। ਸ਼ਰਾਬ ਇਕ ਪ੍ਰਤਿਸ਼ਠਾ-ਚਿੰਨ੍ਹ ਤੇ ਆਧੁਨਿਕਤਾ ਦਾ ਪ੍ਰਤੀਕ ਬਣ ਗਈ ਹੈ। ਬੱਚੇ, ਕਿਸ਼ੋਰ ਤੇ ਨੌਜਵਾਨ ਬੇਤਹਾਸ਼ਾ ਨਸ਼ਿਆਂ ਵੱਲ ਆਕਰਸ਼ਿਤ ਹੋ ਰਹੇ ਹਨ ਅਤੇ ਬਿਮਾਰ ਮਾਨਸਿਕਤਾ ਦੇ ਸ਼ਿਕਾਰ ਹੋ ਰਹੇ ਹਨ। ਪਤਾ ਨਹੀਂ ਹੋਸ਼ਾਂ ਵਾਲੀ ਜ਼ਿੰਦਗੀ ਉਨ੍ਹਾਂ ਨੂੰ ਕਿਉਂ ਪਸੰਦ ਨਹੀਂ? ਕੋਈ ਉਤਸੁਕਤਾ-ਵਸ਼, ਕੋਈ ਫ਼ੈਸ਼ਨੇਬਲ ਤੇ ਆਧੁਨਿਕ ਜਾਪਣ ਲਈ, ਕੋਈ ਗ਼ਮ ਗਲਤ ਕਰਨ ਲਈ ਅਤੇ ਕੋਈ ਸਨੇਹ-ਰਹਿਤ ਨੀਰਸ ਜੀਵਨ ਵਿਚ ਰਸ ਭਰਨ ਲਈ ਨਸ਼ਿਆਂ ਦੀ ਦਲਦਲ ਵਿਚ ਧੱਸਦਾ ਜਾ ਰਿਹਾ ਹੈ। ਕੌਮ ਦਾ ਭਵਿੱਖ ਖ਼ਤਰੇ ਵਿਚ ਪੈ ਗਿਆ ਹੈ।

ਪ੍ਰਾਚੀਨ (Classical) ਨਸ਼ਿਆਂ 'ਤੇ ਹੀ ਬੱਸ ਨਹੀਂ, ਨਵੇਂ ਤੋਂ ਨਵੇਂ ਨਸ਼ੀਲੇ ਪਦਾਰਥ ਈਜਾਦ ਹੋ ਰਹੇ ਹਨ ਅਤੇ ਅਜੋਕੇ ਦਿਸ਼ਾ-ਹੀਣ ਯੁਵਾ ਵਰਗ ਲਈ ਮ੍ਰਿਗ-ਤ੍ਰਿਸ਼ਨਾ ਬਣਦੇ ਜਾ ਰਹੇ ਹਨ। ਨਸ਼ੇ ਖ਼ਾਤਰ ਭਾਰੀ ਮਾਤਰਾ ਵਿਚ ਕਈ ਦਵਾਈਆਂ ਦੀ ਦੁਰਵਰਤੋਂ ਵੀ ਇਕ ਵਿਆਪਕ ਪ੍ਰਵਿਰਤੀ ਬਣਦੀ ਜਾ ਰਹੀ ਹੈ।

## ਸ਼ਬਦਾਂ ਦੇ ਸੰਜੋਗ

### ਸਾਹਿਤ/ਹਰਬਖ਼ਸ਼ ਸਿੰਘ ਟਾਹਲੀ

ਇਤਿਹਾਸ ਅਤੇ ਸਾਹਿਤ, ਜੀਵਨ-ਛੱਲ ਦੇ ਦੋ ਵੱਖਰੇ ਨਿਖਾਰ।
ਇਤਿਹਾਸ ਜ਼ਿੰਦਗੀ ਦੀ ਕਹਾਣੀ ਲਿਖਦਾ ਹੈ।
ਸਾਹਿਤ ਜ਼ਿੰਦਗੀ ਦੇ ਉਦੇਸ਼ ਅੰਕਿਤ ਕਰਦਾ ਹੈ।
ਇਤਿਹਾਸ ਜ਼ਿੰਦਗੀ ਦੇ ਕੱਦ ਜਿੱਡਾ ਲੰਬਾ ਹੈ
ਸਾਹਿਤ ਭਾਵਨਾਵਾਂ ਦੀਆਂ ਛੱਲਾਂ ਦਾ ਪ੍ਰਗਟਾਅ ਹੈ।
ਇਤਿਹਾਸ ਗੁਜ਼ਰ ਗਏ ਦੀ ਅੱਖਰ-ਮਾਲਾ ਹੈ।
ਸਾਹਿਤ ਵਰਤਮਾਨ ਵਿਚ ਖੁਸ਼ਬੋ ਖਿਲੇਰਦਾ ਹੈ।
ਕਿਸੇ ਇਤਿਹਾਸ ਵਿਚ ਸਾਹਿਤ ਵੀ ਹੋਵੇ-ਜ਼ਰੂਰੀ ਨਹੀਂ।
ਵੱਡੇ-ਵੱਡੇ ਇਤਿਹਾਸ, ਸਾਹਿਤ ਤੋਂ ਸੱਖਣੇ ਹਨ।
ਇਨ੍ਹਾਂ ਚੰਗੇਜ਼ਾਂ, ਹਿਟਲਰਾਂ ਅਤੇ ਗਜ਼ਨਵੀਆਂ ਦੇ ਇਤਿਹਾਸ
ਖਾਲੀ ਹਨ, ਜੀਵਨ ਦੇ ਭਾਵ ਭਿੰਨੇ ਸਾਹਿਤ ਤੋਂ।
ਇਤਿਹਾਸ ਘਟਨਾਵਾਂ ਦੀ ਕਲਮ ਦੀ ਪ੍ਰੇਰਨਾ ਹੈ
ਸਾਹਿਤ ਸੱਚ ਦੀਆਂ ਧਾਰਾਵਾਂ ਦਾ ਅਨੂਠਾ ਸੰਗਮ ਹੈ।
ਇਤਿਹਾਸ ਗੁਰੂ ਨਾਨਕ ਦੇਵ ਜੀ ਉੱਤੇ ਸੱਪ ਦੀ ਛਾਂ ਕਰਦਾ ਹੈ
ਪਰ ਸਭੈ ਸਾਂਝੀਵਾਲ ਸਦਾਇਨ ਕੋਇ ਨਾ ਦਿਸੈ ਬਾਹਰਾ ਜੀਓ
ਗੁਰੂ ਨਾਨਕ ਦੇਵ ਜੀ ਦਾ ਫਰਮਾਇਆ ਹੋਇਆ ਸਾਹਿਤ ਹੈ।
ਇਤਿਹਾਸ ਪ੍ਰੇਰਨਾ ਦੇ ਸਕਦਾ ਹੈ ਮੰਜ਼ਿਲ ਉੱਤੇ ਚੜ੍ਹਨ ਲਈ
ਪਰ ਸਾਹਿਤ ਦੀ ਰੌਸ਼ਨੀ ਬਿਨਾਂ ਮੰਜ਼ਿਲ ਉੱਤੇ ਅੱਪੜਨਾ ਮੁਸ਼ਕਿਲ ਹੈ।

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# ਕਾਵਿ-ਕਿਆਰੀ

## ਰੂਪ/ਹਰਬਖ਼ਸ਼ ਸਿੰਘ ਟਾਹਲੀ (ਲਫ਼ਜ਼ਾਂ ਦੀ ਲੋਏ ਲੋਏ)



ਤੂੰ ਮੇਰਾ ਹੀ ਰੂਪ ਏਂਪਰ ਤੂੰ, ਮੈਂ ਨਹੀਂ
ਮੈਂ ਤੇਰਾ ਹੀ ਰੂਪ ਹਾਂ
ਪਰ ਮੈਂ, ਤੂੰ ਨਹੀਂ
ਤੇਰੀ ਹੋਂਦ ਮੇਰੀ ਹੋਂਦ ਤੋਂ
ਵੱਖ ਹੈ ਬਿਲਕੁਲ
ਤੇ ਤੇਰੀ ਸੋਚ ਵੀ ਤੇ ਹੋਵੇਗੀ
ਵੱਖ ਮੇਰੇ ਤੋਂ
ਤੂੰ ਰਹਿੰਦਾ ਏ ਵੱਖਰੇ ਆਲ੍ਹਣੇ ਵਿਚ
ਤੇ ਮੇਰਾ ਆਲ੍ਹਣਾ ਹੈ ਵੱਖ
ਪਰ ਫਿਰ ਵੀ ਤੂੰ ਕਹਿੰਦਾ ਏਂ
ਕਿ ਮੈਂ ਤੇਰਾ ਰੂਪ ਹਾਂ
ਤੇ ਮੈਂ ਕਹਿੰਦਾ ਹਾਂ
ਕਿ ਤੂੰ ਮੇਰਾ ਰੂਪ ਏਂ
ਇਹ ਕੋਈ ਸਾਜ਼ਿਸ਼ ਹੈ ਜਾਂ ਪਿਆਰ
ਅਸੀਂ ਵੱਖ-ਵੱਖ ਹੋ ਕੇ ਵੀ
ਕਿਵੇਂ ਹੋ ਜਾਂਦਾ ਹਾਂ ਇਕੱਠੇ
ਕਿਤੇ ਇੰਜ ਤੇ ਨਹੀਂ
ਕਿ ਤੇਰੀ ਅਤੇ ਮੇਰੀ ਖੁਸ਼ਬੋ ਹੈ
ਇਕੋ ਫੁੱਲ ਵਿਚੋਂ ਖਿਲਰੀ ਹੋਈ
ਕਿਤੇ ਇੰਜ ਤੇ ਨਹੀਂ
ਅਸੀਂ ਰੰਗ ਲਿਆ ਹੈ ਆਪਣੀ ਹੋਂਦ ਨੂੰ
ਕਿਸੇ ਇਕੋ ਹੀ ਫੁੱਲ ਦੇ ਰੰਗ ਨਾਲ
ਤੇ ਉਸ ਫੁੱਲ ਦਾ ਨਾਮ ਪਿਆਰ ਹੈ।

*****

## ਕਵਿਤਾ ਅਕਵਿਤਾ/ਸੁਰਿੰਦਰ ਮਕਸੂਦਪੁਰੀ

ਕਵਿਤਾ ਮਹਿਜ਼
ਕਿਸੇ ਵਾਰਤਕ ਟੁਕੜੇ ਦੀ ਤੋੜ-ਮਰੋੜ
ਜਾਂ ਉੱਘੜ-ਦੁੱਘੜ ਸ਼ਬਦਾਂ, ਸਤਰਾਂ ਦੀ
ਬੇਤਰਤੀਬੀ ਬਣਤਰ-ਬੁਣਤਰ ਹੀ ਨਹੀਂ ਹੁੰਦੀ!



ਕਵਿਤਾ ਮਹਿਜ਼
ਭਾਰੀ-ਭਰਕਮ ਬਿੰਬਾਂ, ਪ੍ਰਤੀਕਾਂ, ਸੰਕੇਤਾਂ
ਅਲੰਕਾਰਾਂ ਦੇ ਬੋਝ ਹੇਠ ਦੱਬੀ
ਗੂੜ੍ਹ-ਗਿਆਨੀ/ਵਿਦਵਾਨ ਕਵੀਆਂ ਦੀ ਪਾਈ
ਬੇਸਮਝ, ਗੁੰਝਲਦਾਰ ਬੁਝਾਰਤ ਹੀ ਨਹੀਂ ਹੁੰਦੀ!

ਕਵਿਤਾ ਮਹਿਜ਼
ਮਹਿਬੂਬ ਸੰਗ ਸੰਵਾਦ ਰਚਾਉਣ
ਉਹਦੇ ਵਸਲ-ਵਿਛੋੜਿਆਂ ਦਾ ਕਿੱਸਾ ਦੁਹਰਾਉਣ
ਜਾਂ ਉਹਦੇ ਪਿਆਰ ਵਿਚ ਮੋਏ ਬੰਦਿਆਂ ਦੇ
ਮਿੱਠੇ ਵਚਨ-ਵਾਅਦਿਆਂ ਦੀ
ਵਾਰਤਾ ਹੀ ਨਹੀਂ ਹੁੰਦੀ!

ਕਵਿਤਾ ਮਹਿਜ਼
ਰੁੱਸੇ-ਰੁੱਠੇ ਉਦਾਸ ਪਲਾਂ ਵਿਚ
ਸਾਹਿਤਕ ਮਨੋਰੰਜਨ ਦਾ ਸਾਧਨ ਹੀ ਨਹੀਂ ਹੁੰਦੀ
ਸਮੁੱਚੀ ਜੀਵਨ-ਜਾਂਚ ਦੀ
ਬੁਲੰਦ ਮੰਜ਼ਿਲ ਵੱਲ ਜਾਂਦੇ
ਰੌਸ਼ਨ ਰਾਹ-ਰਸਤਿਆਂ
ਦਰਸ਼ਨੀ, ਸਰਵਣੀ ਸੰਦਲੀ ਪੈੜਾਂ ਦੇ
ਸਹਿਜ-ਸਫ਼ਰ ਦਾ ਸਿਰਨਾਵਾਂ ਵੀ ਬਣਦੀ!

ਕਵਿਤਾ ਮਹਿਜ਼
ਕਾਵਿ-ਕੈਨਵਸ ਦੇ ਮੁੱਖੜੇ 'ਤੇ
ਜਾਂ ਕੋਰੇ ਕਾਗ਼ਜ਼ ਦੇ ਟੁਕੜੇ 'ਤੇ
ਜਗਿਆਸੂ ਮਨ ਦੇ ਕੋਮਲ ਹਾਵਾਂ-ਭਾਵਾਂ
ਅਹਿਸਾਸਾਂ-ਵਲਵਲਿਆਂ, ਤੋਲ-ਤਾਲਾਂ ਦੇ
ਨਵੇਂ-ਨਵੇਲੇ ਨਕਸ਼-ਨੁਹਾਰ ਹੀ ਨਹੀਂ ਚਿਤਰਦੀ
ਚੇਤਨਾ, ਚਿੰਤਨ, ਮੰਥਨ
ਅਤੇ ਦਲੀਲਾਂ ਦੇ ਦਾਰਸ਼ਨਿਕ ਰੰਗ ਰਚਦੀ
'ਸਤਿਅਮ, ਸ਼ਿਵਮ, ਸੁੰਦਰਮ' ਦੀ
ਸੱਚੀ ਗਵਾਹੀ ਵੀ ਭਰਦੀ!

(2)

ਕਵਿਤਾ ਤਾਂ
ਵਹਿੰਦੇ ਪਾਣੀਆਂ ਦੀ ਰਵਾਨਗੀ ਦਾ
ਸ਼ਾਂਤ-ਸੁਰੀਲਾ ਵਹਾਅ ਹੁੰਦੀ
ਕਵਿਤਾ ਤਾਂ ਬਲਦੇ ਦੀਵਿਆਂ
ਜਗਮਗਾਉਂਦੇ ਜੁਗਨੂੰਆਂ, ਜਾਂ

ਮਘਦੇ ਚੁੱਲ੍ਹਿਆਂ ਦਾ ਚਾਅ ਹੁੰਦੀ
ਕਵਿਤਾ ਤਾਂ ਲੋਕ-ਭਾਸ਼ਾ ਬੋਲਦੀ
ਲੋਕਾਂ ਦੀ ਰਹਿਨੁਮਾ, ਰੂਹੇ-ਰਵਾਂ ਹੁੰਦੀ !

ਕਵਿਤਾ ਤਾਂ ਦੱਬੇ-ਕੁਚਲੇ ਮਜ਼ਲੂਮਾਂ
ਗ਼ਰੀਬ-ਗੁਰਬਿਆਂ ਦੀ ਵਿਲਕਦੀ ਹਾਅ ਹੁੰਦੀ
ਕਵਿਤਾ ਤਾਂ ਵਰਣਮਾਲਾ ਦੇ ਸੁੱਚੇ ਸ਼ਬਦਾਂ ਦੀ
'ਵਿਸਮਾਦੀ ਅਨਾਦੀ' ਰੱਬੀ ਰਜ਼ਾ ਹੁੰਦੀ
ਕਵਿਤਾ ਤਾਂ ਸਮੇਂ ਦੇ ਕੱਚ-ਸੱਚ ਨੂੰ ਖੋਜਦੀ
ਕਵੀ ਦੀ ਸੱਚੀ, ਪੱਕੀ ਪਨਾਹ ਹੁੰਦੀ !

ਕਵਿਤਾ ਤਾਂ ਦਰਿਆਵਾਂ, ਸਮੁੰਦਰਾਂ
ਨਦੀਆਂ, ਨਹਿਰਾਂ, ਝੀਲਾਂ, ਝਰਨਿਆਂ
ਬਿਰਖਾਂ-ਬਾਗ਼ਾਂ, ਬਹਾਰਾਂ-ਗੁਲਜ਼ਾਰਾਂ
ਪੌਣਪਾਣੀ, ਪੰਛੀ-ਆਵਾਜ਼ਾਂ, ਪਰਵਾਜ਼ਾਂ
ਬ੍ਰਹਿਮੰਡ ਦਾ ਸੁਹਜ ਸੰਗੀਤ ਹੁੰਦੀ
ਕਵਿਤਾ ਤਾਂ ਕਾਦਰ ਦੀ ਕੁਦਰਤ ਦਾ
ਰੂਹਾਨੀ, ਨੂਰਾਨੀ, ਲਾਸਾਨੀ ਗੀਤ ਹੁੰਦੀ !

ਇਹਦੀ ਮਿੱਠੜੀ ਬੋਲੀ-ਸ਼ੈਲੀ ਮੋਹਣੀ
ਸਾਹਿਤਕ ਵਿਰਸੇ ਦੀ ਤਹਿਰੀਰ ਹੁੰਦੀ
ਇਹਦੀ ਸੂਰਤ, ਸੀਰਤ ਸੋਹਣੀ
ਸਾਹਿਤ-ਸੁਗੰਧ-ਸਮੀਰ ਹੁੰਦੀ !

ਕਵਿਤਾ ਤਾਂ
ਸੁਰ-ਬੱਧ ਸਤਰਾਂ ਕੁੱਖੋਂ ਜਨਮਦੀ, ਉਗਮਦੀ
ਸਵੈ-ਸਿਰਨਾਵੇਂ ਦੀ ਤਰਕ-ਤਾਸੀਰ ਹੁੰਦੀ
ਕਵਿਤਾ ਤਾਂ 'ਮਕਸੂਦਪੁਰੀ'
